
ੳ. ਐਸ. ਡੀ. ਏ. ਵੀ. ਪਬਲਿਕ ਸਕੂਲ , ਕੈਥਲ
ਸਤੰਬਰ ਪਰੀਖਿਆ ( 2024-25)
ਜਮਾਤ : ਅੱਠਵੀਂ
ਵਿਸ਼ਾ : ਪੰਜਾਬੀ

Set A

ਸਮਾਂ :- 3 ਘੰਟੇ — ਅਧਿਕਤਮ ਅੰਕ (80)

ਜ਼ਰੂਰੀ ਹਦਾਇਤਾਂ :- i ਸਾਰੇ ਪ੍ਰਸ਼ਨ ਹੱਲ ਕਰਨੇ ਜ਼ਰੂਰੀ ਹਨ ।
ii ਲਿਖਾਈ ਸੁੰਦਰ ਅਤੇ ਸਾਫ਼ ਲਿਖੋ ।

| ਪ੍ਰਸ਼ਨ ਨੰਬਰ | ਪ੍ਰਸ਼ਨ | ਅੰਕ |
|---|---|---|
| | ( ਭਾਗ-ੳ ਪੜ੍ਹਨ ਕੋਸ਼ਲ ) | |
| ਪ੍ਰ: 1 | **ਹੇਠਾਂ ਦਿੱਤੇ ਅਣਡਿੱਠੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਲਿਖੋ:-**<br>ਤਿਰੰਗੇ ਤੋਂ ਭਾਵ ਭਾਰਤ ਦੇ ਰਾਸ਼ਟਰੀ/ਕੌਮੀ ਝੰਡੇ ਤੋਂ ਹੈ। 22 ਜੁਲਾਈ,1947 ਈ. ਨੂੰ ਭਾਰਤੀ ਸੰਵਿਧਾਨ ਸਭਾ ਨੇ ਇਸ ਝੰਡੇ ਨੂੰ ਭਾਰਤ ਦੇ ਰਾਸ਼ਟਰੀ/ਕੌਮੀ ਝੰਡੇ ਦੇ ਰੂਪ ਵਿੱਚ ਅਪਣਾਇਆ ਸੀ। ਸਾਡੇ ਵਰਤਮਾਨ ਕੌਮੀ ਝੰਡੇ ਵਿੱਚ ਤਿੰਨ ਰੰਗਾਂ ਦੀਆਂ ਬਰਾਬਰ ਦੀਆਂ ਪੱਟੀਆਂ ਹਨ। ਸਭ ਤੋਂ ਉੱਪਰ ਕੇਸਰੀ ਰੰਗ ਦੀ ਪੱਟੀ ਹੈ । ਕੇਸਰੀ ਰੰਗ ਦੇਸ਼ ਦੀ ਅਜ਼ਾਦੀ ਲਈ ਕੀਤੀਆਂ ਕੁਰਬਾਨੀਆਂ ਦਾ ਪ੍ਰਤੀਕ ਹੈ। ਝੰਡੇ ਦੇ ਵਿਚਕਾਰ ਚਿੱਟੇ ਰੰਗ ਦੀ ਪੱਟੀ ਹੈ ਜਿਸ 'ਤੇ ਅਸ਼ੋਕ ਚੱਕਰ ਹੈ। ਚਿੱਟੇ ਰੰਗ ਦੀ ਇਹ ਪੱਟੀ ਸ਼ਾਂਤੀ ਅਤੇ ਸੱਚ/ਸਚਾਈ ਦੀ ਪ੍ਰਤੀਕ ਹੈ। ਅਸ਼ੋਕ ਚੱਕਰ ਸਾਨੂੰ ਅੱਗੇ ਵਧਣ ਦੀ ਪ੍ਰੇਰਨਾ ਦਿੰਦਾ ਹੈ। ਇਸ ਝੰਡੇ ਦੇ ਹੇਠਲੇ ਪਾਸੇ ਹਰੇ ਰੰਗ ਦੀ ਪੱਟੀ ਹੈ ਜੋ ਭਾਰਤ ਦੀ ਖ਼ੁਸ਼ਹਾਲੀ ਅਤੇ ਪ੍ਰਗਤੀ ਨੂੰ ਦਰਸਾਉਂਦੀ ਹੈ। ਇਸ ਝੰਡੇ ਵਿੱਚ ਤਿੰਨ ਰੰਗਾਂ ਦੀਆਂ ਪੱਟੀਆਂ ਹੋਣ ਕਾਰਨ ਹੀ ਇਸ ਨੂੰ ਤਿਰੰਗੇ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਸਾਡਾ ਰਾਸ਼ਟਰੀ/ਕੌਮੀ ਝੰਡਾ ਸਾਡੇ ਦੇਸ਼ ਦੀ ਏਕਤਾ, ਅਖੰਡਤਾ, ਸ਼ਾਂਤੀ ਅਤੇ ਪ੍ਰਗਤੀ ਦਾ ਪ੍ਰਤੀਕ ਹੈ। ਇਹ ਝੰਡਾ ਸਾਡੇ ਦੇਸ਼ ਦੀ ਸ਼ਾਨ ਹੈ। ਕਨੂੰਨ ਅਨੁਸਾਰ ਹਰ ਭਾਰਤੀ ਲਈ ਆਪਣੇ ਰਾਸ਼ਟਰੀ ਝੰਡੇ ਦਾ ਸਤਿਕਾਰ ਕਰਨਾ ਜ਼ਰੂਰੀ ਹੈ। ਸਾਨੂੰ ਸਾਰੇ ਭਾਰਤੀਆਂ ਨੂੰ ਆਪਣੇ ਕੌਮੀ ਝੰਡੇ ਦਾ ਹਮੇਸ਼ਾ ਸਤਿਕਾਰ ਕਰਨਾ ਚਾਹੀਦਾ ਹੈ ।<br>(1) ਭਾਰਤੀ ਸੰਵਿਧਾਨ ਸਭਾ ਨੇ ਇਸ ਝੰਡੇ ਨੂੰ ਕੌਮੀ ਝੰਡੇ ਦੇ ਰੂਪ ਵਿੱਚ ਕਦੋਂ ਅਪਣਾਇਆ ਸੀ ?<br>(2) ਭਾਰਤੀ ਤਿਰੰਗੇ ਵਿੱਚ ਬਣਿਆ ਅਸ਼ੋਕ ਚੱਕਰ ਸਾਨੂੰ ਕੀ ਪ੍ਰੇਰਨਾ ਦਿੰਦਾ ਹੈ ?<br>(3) ਭਾਰਤੀ ਤਿਰੰਗੇ ਵਿੱਚ ਸਭ ਤੋਂ ਹੇਠਾਂ ਕਿਹੜੇ ਰੰਗ ਦੀ ਪੱਟੀ ਹੈ ਤੇ ਕੀ ਦਰਸਾਉਂਦੀ ਹੈ ?<br>(4) ਸਾਡਾ ਰਾਸ਼ਟਰੀ ਝੰਡਾ ਸਾਡੇ ਦੇਸ਼ ਦੀ ਕਿਸ ਚੀਜ਼ ਦਾ ਪ੍ਰਤੀਕ ਹੈ ?<br>(5) ਪੈਰੇ ਦਾ ਢੁੱਕਵਾਂ ਸਿਰਲੇਖ ਲਿਖੋ। | (5) |
| ਪ੍ਰ: 2 | **ਹੇਠ ਲਿਖੀ ਕਾਵਿ-ਟੁੱਕੜੀ ਨੂੰ ਪੜ੍ਹ ਕੇ ਬਹੁ ਵਿਕਲਪੀ ਪ੍ਰਸ਼ਨਾਂ ਦੇ ਉੱਤਰ ਦਿਉ : –**<br>ਸਰਹੱਦਾਂ ਉੱਤੇ ਪਹਿਰਾ ਦੇਵਣ, ਫ਼ੌਜੀ ਵੀਰ ਜਵਾਨ।<br>ਦੁਸ਼ਮਣ ਨੂੰ ਲਲਕਾਰ ਕੇ ਖੜ੍ਹਦੇ, ਚੌੜੀ ਛਾਤੀ ਤਾਣ।<br>ਦੇਸ਼-ਕੌਮ ਦੀ ਖਾਤਰ ਰਹਿੰਦੇ, ਹਰ ਵੇਲੇ ਤਿਆਰ।<br>ਦੇਸ਼ ਦੇ ਜ਼ੱਰੇ- ਜ਼ੱਰੇ ਨਾਲ, ਕਰਦੇ ਨੇ ਇਹ ਪਿਆਰ।<br>ਭਾਰਤ ਮਾਂ ਦੀ ਸ਼ਾਨ ਦੀ ਖਾਤਰ, ਕਸਮਾਂ ਇਹ ਖਾਣ।<br><br>ਪ੍ਰ 1. ਫ਼ੌਜੀ ਵੀਰ ਜਵਾਨ ਕਿਸ ਦੇ ਨਾਲ ਪਿਆਰ ਕਰਦੇ ਹਨ?<br>(ੳ) ਦੇਸ਼ ਦੇ ਜ਼ੱਰੇ ਜ਼ੱਰੇ ਨਾਲ (ਅ) ਰਾਜ ਨਾਲ (ੲ) ਜਾਤ- ਪਾਤ ਨਾਲ (ਸ) ਸਿਰਫ਼ ਪਰਿਵਾਰ ਨਾਲ<br><br>ਪ੍ਰ 2. ਫ਼ੌਜੀ ਭਾਰਤ ਮਾਂ ਦੀ ਸ਼ਾਨ ਦੀ ਖ਼ਾਤਰ ਕੀ ਖਾਂਦੇ ਹਨ?<br>(ੳ) ਰੋਟੀ (ਅ) ਮਿਠਿਆਈਆਂ (ੲ) ਕਸਮਾਂ (ਸ) ਬਰਗਰ<br><br>ਪ੍ਰ 3. ਫ਼ੌਜੀ ਦੇਸ਼ ਦੀਆਂ ਸਰਹੱਦਾਂ ਉੱਤੇ ਪਹਿਰਾ ਕਿਉਂ ਦਿੰਦੇ ਹਨ?<br>(ੳ)ਪੈਸੇ ਲਈ (ਅ) ਦੇਸ਼ ਕੌਮ ਲਈ (ੲ) ਦਿਖਾਵੇ ਲਈ (ਸ) ਰਾਜ ਲਈ | (3) |

| | | |
|---|---|---|
| | **( ਭਾਗ -ਅ ) ਲੇਖਣ ਕੌਸ਼ਲ** | |
| **ਪ੍ਰ: 3** | **ਕਿਸੇ ਇੱਕ ਵਿਸ਼ੇ ਉੱਤੇ 200 ਸ਼ਬਦਾਂ ਦਾ ਲੇਖ ਲਿਖੋ।**<br>**' ਸ੍ਰੀ ਗੁਰੂ ਨਾਨਕ ਦੇਵ ਜੀ ' (** ਰੂਪ-ਰੇਖਾ:- ਭੂਮਿਕਾ, ਜਨਮ, ਪੜ੍ਹਾਈ, ਫੋਕੀਆਂ ਰਸਮਾਂ ਦਾ ਵਿਰੋਧ, ਦੁਨਿਆਵੀਂ ਕੰਮਾਂ ਉਤੇ ਲਾਉਣਾ, ਨੌਕਰੀ ਤੇ ਵਿਆਹ , ਉਦਾਸੀਆਂ , ਬਾਣੀ ਅਤੇ ਉਪਦੇਸ਼ , ਗੁਰਗੱਦੀ ਸੌਂਪਣਾ, ਜੋਤੀ- ਜੋਤ ਸਮਾਉਣਾ, ਸਾਰੰਸ਼ ) **ਜਾਂ**<br>**'ਅੱਖੀ ਡਿੱਠਾ ਮੈਚ** '(ਰੂਪ-ਰੇਖਾ:-ਭੂਮਿਕਾ, ਫਾਈਨਲ ਮੈਚ, ਖਿਡਾਰੀਆਂ ਦਾ ਮੈਦਾਨ ਵਿੱਚ ਆਉਣਾ, ਰੈਫ਼ਰੀ ਦੀ ਵਿਸਲ,ਪਹਿਲੇ ਅੱਧ ਦੀ ਖੇਡ ਦਾ ਨਜ਼ਾਰਾ, ਉੱਚੇ ਦਰਜੇ ਦੀ ਖੇਡ, ਅੱਧਾ ਸਮਾਂ, ਦੂਜੇ ਅੱਧ ਦੀ ਖੇਡ, ਮੈਚ ਜਿੱਤਣਾ ,ਸਾਰੰਸ਼ | **(8)** |
| **ਪ੍ਰ: 4** | ਤੁਹਾਡਾ ਮੋਟਰਸਾਈਕਲ ਚੋਰੀ ਹੋ ਗਿਆ ਹੈ , ਇਸ ਸੰਬੰਧੀ ਥਾਣਾ ਮੁੱਖੀ ਨੂੰ ਪੱਤਰ ਲਿਖੋ। **ਜਾਂ**<br>ਆਪਣੇ ਮਿੱਤਰ ਨੂੰ ਚਿੱਠੀ ਲਿਖ ਕੇ ਦੱਸੋ ਕਿ ਤੁਸੀਂ ਇਸ ਵਾਰ ਗਰਮੀਆਂ ਦੀਆਂ ਛੁੱਟੀਆਂ ਕਿਵੇਂ ਬਿਤਾਈਆਂ ਹਨ। | **(7)** |
| **ਪ੍ਰ: 5** | **ਹੇਠਾਂ ਦਿੱਤੀ ਗਈ ਤਸਵੀਰ ਦਾ ਵਰਨਣ 50 ਸ਼ਬਦਾਂ ਵਿੱਚ ਕਰੋ।**<br> | **(5)** |
| | **( ਭਾਗ - ੲ ਵਿਆਕਰਨ )** | **( 22)** |
| **ਪ੍ਰ: 6** | **ਹੇਠ ਦਿੱਤੇ ਵਿਕਲਪਾਂ ਵਿੱਚੋਂ ਸੁੱਧ ਸ਼ਬਦ ਚੁਣੋ :-**<br>(ੳ) ਟੈਹਨੀ (ਅ) ਟਹਿਣੀ (ੲ) ਟਹਿਨੀ (ਸ) ਟੈਹਣੀ<br>(ਅ) ਪਰਾਇਆ (ਅ) ਪਰਾਯਾ (ੲ) ਪਰਾਈਯਾ (ਸ) ਪਰਾਇਯਾ | **2** |
| **ਪ੍ਰ: 7** | **(ੳ) ' ਸਤ ' ਸ਼ਬਦ ਦਾ ਕਿਹੜਾ ਸਹੀ ਬਹੁ-ਅਰਥਕ ਸ਼ਬਦ ਨਹੀਂ ਹੈ ?**<br>1. ਸ਼ਰਮ 2. ਰਸ 3. ਧਰਮ 4. ਤੰਗ<br>**(ਅ) ' ਸੂਈ' ਸ਼ਬਦ ਦਾ ਸਹੀ ਬਹੁ ਅਰਥਕ ਸ਼ਬਦ ਚੁਣੋ। :-**<br>1. ਨਿਚੋੜ 2. ਪਰਦਾ 3. ਦਿਸ਼ਾ 4. ਇੱਕ ਸੰਦ | **2** |
| **ਪ੍ਰ: 8** | **ਹੇਠ ਦਿੱਤੇ ਸ਼ਬਦਾਂ ਦੇ ਵਿਰੋਧੀ ਸ਼ਬਦ ਲਿਖੋ :-** (ੳ) ਆਕੜ (ਅ) ਹੋਸ਼ (ੲ) ਖ਼ਾਲੀ | **3** |
| **ਪ੍ਰ: 9** | **ਹੇਠ ਲਿਖੇ ਅਗੇਤਰ ਲਾ ਕੇ ਦੋ-ਦੋ ਸ਼ਬਦ ਬਣਾਓ :-** (ੳ) ਅੱਧ (ਅ) ਸਬ | **(.5×4=2)** |
| **ਪ੍ਰ: 10** | **ਹੇਠ ਲਿਖੇ ਪਿਛੇਤਰ ਲਾ ਕੇ ਦੋ ਦੋ ਸ਼ਬਦ ਬਣਾਓ :-** (ੳ) ਆਈ (ਅ) ਆਰ | **(.5×4=2)** |
| **ਪ੍ਰ: 11** | **ਬਹੁਤੇ ਸ਼ਬਦਾਂ ਲਈ ਇੱਕ ਸ਼ਬਦ ਲਿਖੋ :-**<br>(ੳ) ਜਿਸ ਵਿੱਚ ਸਾਰੀਆਂ ਸ਼ਕਤੀਆਂ ਹੋਣ<br>(ਅ) ਹੱਥੀਂ ਮਿਹਨਤ ਕਰਕੇ ਗੁਜ਼ਾਰਾ ਕਰਨ ਵਾਲਾ<br>(ੲ) ਜਿਹੜੀ ਚੀਜ਼ ਪੂਰਨ ਨਾ ਹੋਵੇ | **3** |
| **ਪ੍ਰ: 12** | **ਹੇਠਾਂ ਦਿੱਤੇ ਵਾਕ ਵਿੱਚ ਵਿਸ਼ਰਾਮ ਚਿੰਨ੍ਹ ਲਗਾਓ :**<br>(ੳ) ਮਹਾਤਮਾ ਜੀ ਨੇ ਕਿਹਾ ਸਾਨੂੰ ਇਕੱਠੇ ਹੋ ਕੇ ਰਹਿਣਾ ਚਾਹੀਦਾ ਹੈ | **(.5×4=2)** |

| | | |
|---|---|---|
| ਪ੍ਰ: 13 | **ਹੇਠਾਂ ਦਿੱਤੇ ਮੁਹਾਵਰਿਆਂ ਦੇ ਅਰਥ ਲਿਖ ਕੇ ਵਾਕ ਬਣਾਉ:-**<br>(ੳ) ਉਸਤਾਦੀ ਕਰਨੀ (ਅ) ਅੱਖਾਂ ਮੀਟ ਜਾਣਾ (ੲ) ਸਾਹ ਸੁੱਕ ਜਾਣਾ | 3 |
| ਪ੍ਰ: 14 | **ਬਹੁ - ਵਿਕਲਪੀ ਪ੍ਰਸ਼ਨ**<br>**ਹੇਠਾਂ ਦਿੱਤੇ ਸ਼ਬਦਾਂ ਵਿੱਚੋਂ ਸਹੀ ਸ਼ਬਦ ਚੁਣ ਕੇ ਅਖਾਣ ਪੂਰਾ ਕਰੋ:-**<br>(ੳ) ਉੱਚੀ __________ , ਫਿੱਕਾ ਪਕਵਾਨ<br>1 ਸੁਰਾਹੀ 2 ਘੜਾ 3 ਦੁਕਾਨ 4 ਘਰ<br>(ੲ) ਆਪ ਕੁਚੱਜੀ , _______ ਨੂੰ ਦੋਸ਼<br>1 ਵਿਹੜੇ 2 ਕਮਰੇ 3 ਛੱਤ 4 ਬਾਗ<br>(ਗ) ' ਇੱਕ ਅਨਾਰ ਸੌ ਬੀਮਾਰ ' **ਅਖਾਣ ਦੀ ਵਰਤੋਂ ਕਿਸ ਮੌਕੇ ' ਤੇ ਹੁੰਦੀ ਹੈ ?**<br>1 ਬਾਹਰੋਂ ਚੰਗਾ ਦਿੱਸਣਾ ਤੇ ਅੰਦਰੋਂ ਗੁਣਹੀਣ ਹੋਣਾ 2. ਜਦੋਂ ਚੀਜ਼ ਤੇ ਮੰਗ ਦੋਵੇਂ ਹੀ ਘੱਟ ਹੋਣ<br>3. ਜਦੋਂ ਚੀਜ਼ ਜ਼ਿਆਦਾ ਹੋਵੇ ਤੇ ਮੰਗ ਘੱਟ ਹੋਵੇ 4. ਜਦੋਂ ਚੀਜ਼ ਘੱਟ ਹੋਵੇ ਤੇ ਮੰਗ ਵੱਧ ਹੋਵੇ | 3 |
| | **( ਭਾਗ - ਸ ਪਾਠ ਪੁਸਤਕ )** | |
| ਪ੍ਰ: 15 | **ਹੇਠ ਲਿਖੀ ਕਾਵਿ - ਟੁੱਕੜੀ ਨੂੰ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਉ :-**<br><br>**ਢੰਡੋਰਾ ਦੇ ਦਿੱਤਾ , ਹੋਕਾ ਫਿਰਵਾ ਦਿੱਤਾ, ਪੱਤਣਾਂ , ਚੌਰਾਹਿਆਂ ਉੱਤੇ,**<br>**ਸ਼ਾਹੀ ਦਰਵਾਜੇ ਉੱਤੇ, ਇਹ ਮੋਟੇ ਅੱਖਰਾਂ ਵਿੱਚ ,ਲਿਖ ਕੇ ਲਗਵਾ ਦਿੱਤਾ-**<br>**ਰਾਜਾ ਤਾਂ ਰਾਖਾ ਹੈ , ਭੰਡਾਰਾ ਪਰਜਾ ਦਾ, ਤੜਕੇ ਤੋਂ ਆਥਣ ਤੱਕ ,**<br>**ਦਰਵਾਜ਼ੇ ਖੁੱਲ੍ਹੇ ਹਨ , ਅੰਨ ਹਰ ਕੋਈ ਲੈ ਜਾਵੇ , ਹੈ ਸਾਰਾ ਪਰਜਾ ਦਾ।**<br>(ੳ) ਇਸ ਕਵਿਤਾ ਦਾ ਨਾਂ ਦੱਸੋ ?<br>(ਅ) ਇਸ ਕਵਿਤਾ ਦੇ ਕਵੀ ਦਾ ਨਾਂ ਦੱਸੋ ?<br>(ੲ) ਭੰਡਾਰ ਦਾ ਰਾਖਾ ਕੌਣ ਹੈ ?<br>(ਸ) ਭੰਡਾਰ ਦੇ ਦਰਵਾਜੇ ਕਦੋਂ ਤੋਂ ਕਦੋਂ ਤੱਕ ਖੁੱਲ੍ਹੇ ਹਨ ?<br>(ਹ) '**ਹੋਕਾ** ' ਸ਼ਬਦ ਦਾ ਅਰਥ ਦੱਸੋ। | (5) |
| ਪ੍ਰ: 16 | **ਹੇਠਾਂ ਦਿੱਤੇ ਗਏ ਪ੍ਰਸ਼ਨਾਂ ਦੇ ਦਿੱਤੇ ਗਏ ਵਿਕਲਪਾਂ ਵਿੱਚੋ ਸਹੀ ਉੱਤਰ ਚੁਣੋ:-**<br>(ੳ). ਇਨਕਮ ਟੈਕਸ ਵਾਲੇ ਲੱਖਾਂ ਕਰੋੜਾਂ ਵਿੱਚ ਕਿਸਦੀ ਪੂੰਜੀ ਦੱਸਦੇ ਹਨ ?<br>(1) ਅਮੀਰ ਬੰਦੇ ਦੀ (2) ਫੈਕਟਰੀ ਵਾਲੇ ਦੀ<br>(3) ਗਰੀਬ ਬੰਦੇ ਦੀ (4) ਸਧਾਰਨ ਬੰਦੇ ਦੀ<br>(ਅ). ' ਘੜੇ ਦਾ ਪਾਣੀ ' ਲੇਖ ਕਿਸ ਦਾ ਲਿਖਿਆ ਹੋਇਆ ਹੈ ?<br>(1) ਗੁਰਦੀਪ ਭੰਮਰਾ (2) ਮਨਮੋਹਨ ਸਿੰਘ ਦਾਊਂ<br>(3) ਸੁਰਜੀਤ ਸਿੰਘ ਮਰਜਾਰਾ (4) ਹਰਿੰਦਰ ਕੌਰ<br>(ੲ) ਘੜੇ ਦੇ ਸ਼ਰੀਕ ਕਿਸਨੂੰ ਕਿਹਾ ਗਿਆ ਹੈ ?<br>(1) ਤੌੜੀ ਨੂੰ (2) ਸੁਰਾਹੀ ਨੂੰ (3) ਚਾਟੀ ਨੂੰ (4) ਫ਼ਰਿੱਜ ਤੇ ਵਾਟਰ- ਕੂਲਰ ਨੂੰ<br>(ਸ) ' ਮੈਂ ਇੱਕ ਮਿੰਟ ਵਿੱਚ ਆਇਆ ' ਵਾਕ ਵਿੱਚ ਕਿੰਨੇ ਕੁ ਸਮੇਂ ਬਾਰੇ ਸੰਕੇਤ ਕੀਤਾ ਗਿਆ ਹੈ ?<br>(1) ਥੋੜ੍ਹੇ ਸਮੇਂ ਦਾ (2) ਬਹੁਤ ਜ਼ਿਆਦਾ ਸਮੇਂ ਦਾ<br>(3) ਇੱਕ ਮਿੰਟ ਦਾ (4) ਕਿਸੇ ਵੀ ਸਮੇਂ ਦਾ ਨਹੀਂ | (1×8=8) |

| | | |
|---|---|---|
| | (ਹ) ਪਾਠ ਪੂਜਾ ਸਮੇਂ ਰੱਖੇ ਘੜੇ ਦੇ ਪਾਣੀ ਨੂੰ ਕੀ ਆਖਦੇ ਹਨ ?<br>(1) ਘੜੇ ਦਾ ਪਾਣੀ (2) ਫ਼ਰਿੱਜ ਦਾ ਪਾਣੀ (3) ਕੁੰਭ ਦਾ ਜਲ (4) ਖੂਹ ਦਾ ਪਾਣੀ<br>(ਕ) ਪੁਰਾਣੇ ਸਮੇਂ ਵਿੱਚ ਘੜੇ ਦੇ ਪਾਣੀ ਨੂੰ ਕੀ ਪਾ ਕੇ ਸਾਫ਼ ਕੀਤਾ ਜਾਂਦਾ ਸੀ ?<br>(1) ਰੇਤ ਤੇ ਕੱਚਾ ਕੋਲਾ (2) ਨਮਕ (3) ਤੇਲ (4) ਖੰਡ<br>(ਖ) ਪਾਠ ਵਿੱਚ ' ਛਾਛੜੇ ਦਾ ਮੀਂਹ ' ਸ਼ਬਦ ਕਿਸ ਨਾਲ ਸੰਬੰਧਤ ਹਨ ?<br>(1) ਲੁਹਾਰ (2) ਸੁਨਿਆਰ (3) ਵਜੰਤਰੀ (4) ਘੁਮਿਆਰ<br>(ਗ) ਲੇਖਕ ' ਕਰਨੈਲ ਸਿੰਘ ਸੋਮਲ ' ਦੁਆਰਾ ਲਿਖਿਆ ਪਾਠ ਕਿਹੜਾ ਹੈ ?<br>(1) ਘੜੇ ਦਾ ਪਾਣੀ (2) ਨੇਕੀ ਦਾ ਫ਼ਲ (3) ਭਾਸ਼ਾ ਦਾ ਗਣਿਤ (4) ਪਾਂਡੀ ਪਾਤਸ਼ਾਹ | |
| **ਪ੍ਰ:17** | **' ਸੂਰਜ ਦਾ ਗੀਤ '** ਕਵਿਤਾ ਦਾ ਸਾਰ ਲਿਖੋ । | **(5)** |
| **ਪ੍ਰ: 18** | **ਹੇਠਾਂ ਦਿੱਤੇ ਕੋਈ 4 ਪ੍ਰਸ਼ਨਾਂ ਦੇ ਉੱਤਰ ਤਿੰਨ- ਚਾਰ ਸਤਰਾਂ ਵਿੱਚ ਲਿਖੋ :**<br>(ੳ) ਭੁੱਖ ਨਾਲ ਪਰੇਸਾਨ ਬੱਚੇ ਨੇ ਕੀ ਕੀਤਾ ? ਉਸ ਨੂੰ ਕੀ ਆਸ ਸੀ ?<br>(ਅ) ਮਹਿੰਦਰੀ ਨਹਾਉਂਦਾ ਹੋਇਆ ਇੱਧਰ ਉੱਧਰ ਕਿਉਂ ਦੇਖੀ ਜਾ ਰਿਹਾ ਸੀ ?<br>(ੲ) ਸਰਵਣ ਦਾ ਲਾਲੇ ਨਾਲ ਕੀ ਵਾਹ- ਵਾਸਤਾ ਸੀ ?<br>(ਸ) ਮਹਿੰਦਰੀ ਡਰਾਕਲ ਕਿਉਂ ਬਣ ਗਿਆ ਸੀ ? ਮਹਿੰਦਰੀ ਦੀ ਡਰਨ ਦੀ ਇਹ ਹਾਲਤ ਕਦੋਂ ਤੱਕ ਬਣੀ ਰਹੀ ?<br>(ਹ) ਉਸ ਬੱਚੇ ਨੇ ਉਸ ਔਰਤ ਵੱਲੋਂ ਕੀਤੀ ਨੇਕੀ ਦਾ ਫਲ਼ ਕਿਵੇਂ ਚੁਕਾਇਆ ?<br>(ਕ) ਮੱਖਣ ਦਾ ਤੋਲ ਘੱਟ ਨਿਕਲਣ ਤੇ ਲਾਲੇ ਨੇ ਕੀ ਕੀਤਾ ? | **(4×2 =8)** |
| **ਪ੍ਰ: 19** | **ਹੇਠ ਲਿਖੇ ਸ਼ਬਦਾਂ ਦੇ ਅਰਥ ਲਿਖੋ :-** (ੳ) ਲਾਗਲੇ (ਅ) ਭੰਬਲ਼ਭੂਸਾ | **(2)** |
| **ਪ੍ਰ: 20** | **ਹੇਠ ਲਿਖੇ ਵਾਕ ਕਿਸ ਨੇ ਕਿਸ ਨੂੰ ਕਹੇ:-**<br>ੳ) ਤਾਂ ਕਿ ਮੈਂ ਝੂਠ ਬੋਲਦਾ ਹਾਂ ? ਤੁਸੀਂ ਆਪ ਵੀ ਮੱਖਣ ਨੂੰ ਤੋਲ ਕੇ ਦੇਖ ਚੁੱਕੇ ਹੋ।<br>ਅ) ਲਾਲਾ ਜੀ, ਇਹੋ ਜਿਹੀ ਲੁੱਟ ਖਸੁੱਟ ਬਹੁਤੇ ਦਿਨ ਨਹੀਂ ਚਲਦੀ। | **(2)** |

ਓ. ਐਸ. ਡੀ. ਏ. ਵੀ. ਪਬਲਿਕ ਸਕੂਲ , ਕੈਥਲ

ਸਤੰਬਰ ਪਰੀਖਿਆ ( 2024-25 )

ਜਮਾਤ : ਅੱਠਵੀਂ

ਵਿਸ਼ਾ : ਪੰਜਾਬੀ Set B

ਸਮਾਂ :- 3 ਘੰਟੇ ਅਧਿਕਤਮ ਅੰਕ (80)

ਜਰੂਰੀ ਹਦਾਇਤਾਂ :-

I. ਸਾਰੇ ਪ੍ਰਸ਼ਨ ਹੱਲ ਕਰਨੇ ਜਰੂਰੀ ਹਨ।

II. ਲਿਖਾਈ ਸੁੰਦਰ ਅਤੇ ਸਾਫ਼ ਲਿਖੋ ।

| ਪ੍ਰਸ਼ਨ ਨੰਬਰ | ਪ੍ਰਸ਼ਨ | ਅੰਕ |
|---|---|---|
| | ( ਭਾਗ-ੳ ਪੜ੍ਹਨ ਕੌਸ਼ਲ ) | |
| ਪ੍ਰ : 1 | **ਅਣਡਿੱਠਾ ਪੈਰਾ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :-**<br>ਜਿਹੜਾ ਵਿਅਕਤੀ ਸਮੇਂ ਦੀ ਕਦਰ ਨਹੀਂ ਕਰਦਾ, ਉਹ ਜ਼ਿੰਦਗੀ ਦੀ ਦੌੜ ਵਿੱਚ ਬਹੁਤ ਪਿੱਛੇ ਰਹਿ ਜਾਂਦਾ ਹੈ । ਜਿਹੜਾ ਇਨਸਾਨ ਸਮੇਂ ਨੂੰ ਅਜਾਂਈਂ ਨਹੀਂ ਗੁਆਉਂਦਾ ਉਸ ਨੂੰ ਹਰ ਖੇਤਰ ਵਿੱਚ ਸਫਲਤਾ ਪ੍ਰਾਪਤ ਹੁੰਦੀ ਹੈ । ਉਹ ਵਿਅਕਤੀ ਠੀਕ ਸਮੇਂ ਤੇ ਹਰ ਕੰਮ ਕਰਦਾ ਹੈ । ਇਸ ਕਰਕੇ ਅੰਤ ਸਮੇਂ ਉਸ ਦੇ ਸਿਰ 'ਤੇ ਵਾਧੂ ਦਾ ਬੋਝ ਨਹੀਂ ਰਹਿੰਦਾ । ਇਉਂ ਉਸ ਦਾ ਸੁਭਾਅ ਵੀ ਚਿੜਚਿੜਾ ਨਹੀਂ ਹੁੰਦਾ । ਸਮੇਂ ਦੀ ਕਦਰ ਕਰਨ ਵਾਲਾ ਵਿਅਕਤੀ ਇਕਰਾਰ ਦਾ ਪੱਕਾ ਰਹਿੰਦਾ ਹੈ। ਇਕਰਾਰ ਦੀ ਪਕਿਆਈ ਕਾਰਨ ਉਹ ਝੂਠ ਵੀ ਨਹੀਂ ਬੋਲਦਾ । ਇਸ ਪ੍ਰਕਾਰ ਸੱਚ ਬੋਲਣ ਦਾ ਗੁਣ ਵੀ ਉਸ ਵਿੱਚ ਆਪਣੇ ਆਪ ਸ਼ਾਮਲ ਹੋ ਜਾਂਦਾ ਹੈ । ਸਮੇਂ ਦੀ ਕਦਰ ਕਰਨ ਵਾਲਾ ਵਿਅਕਤੀ ਕਦੀ ਵੀ ਕਿਧਰੇ ਪੱਛੜ ਕੇ ਨਹੀਂ ਰਹਿੰਦਾ ਤੇ ਉਸਨੂੰ ਕਿਸੇ ਤਰ੍ਹਾਂ ਵੀ ਸ਼ਰਮਿੰਦਾ ਨਹੀਂ ਹੋਣਾ ਪੈਂਦਾ । ਇਸ ਪ੍ਰਕਾਰ ਸਮੇਂ ਦੀ ਕਦਰ ਕਰਨ ਵਾਲਾ ਵਿਅਕਤੀ ਹਰ ਖੇਤਰ ਵਿੱਚ ਆਪਣੀ ਕਦਰ ਕਰਵਾਉਂਦਾ ਹੈ।।<br>(1) ਸਮੇਂ ਦੀ ਕਦਰ ਨਾ ਕਰਨ ਵਾਲਾ ਵਿਅਕਤੀ ਕਿਸ ਵਿੱਚ ਪਿੱਛੇ ਰਹਿ ਜਾਂਦਾ ਹੈ ?<br>(2) ਸਮੇਂ ਦੀ ਕਦਰ ਕਰਨ ਵਾਲੇ ਵਿਅਕਤੀ ਦਾ ਸੁਭਾਅ ਕਿਹੋ ਜਿਹਾ ਨਹੀਂ ਰਹਿੰਦਾ ਹੈ ?<br>(3) ਸਮੇਂ ਦੇ ਪਾਬੰਦ ਰਹਿਣ ਵਾਲੇ ਵਿਅਕਤੀ ਵਿੱਚ ਕਿਹੜਾ ਗੁਣ ਆਪਣੇ ਆਪ ਸ਼ਾਮਲ ਹੋ ਜਾਂਦਾ ਹੈ ?<br>(4) ਸਮੇਂ ਦੀ ਕਦਰ ਕਰਨ ਵਾਲਾ ਵਿਅਕਤੀ ਕਿਸ ਚੀਜ਼ ਦਾ ਪੱਕਾ ਰਹਿੰਦਾ ਹੈ ?<br>(5) ਪੈਰੇ ਦਾ ਢੁੱਕਵਾਂ ਸਿਰਲੇਖ ਲਿਖੋ। | (5) |
| ਪ੍ਰ: 2 | **ਹੇਠ ਲਿਖੀ ਕਾਵਿ-ਟੁੱਕੜੀ ਨੂੰ ਪੜ੍ਹ ਕੇ ਬਹੁ ਵਿਕਲਪੀ ਪ੍ਰਸ਼ਨਾਂ ਦੇ ਉੱਤਰ ਦਿਉ : –**<br>ਗੂੜੀ ਨੀਂਦ ' ਚੋਂ ਜਾਗੋ, ਓਹ ਪੰਜਾਬੀ ਸਾਹਿਤਕਾਰੋਂ , ਮਾਂ ਬੋਲੀ ਦੀ ਉੱਨਤੀ ਦੇ ਲਈ ,<br>ਰਲ ਕੇ ਹਿੰਮਤ ਮਾਰੋ। ਜਿਹੜੇ ਮਾੜੇ ਗੀਤ ਨੇ ਲਿਖਦੇ , ਉਨ੍ਹਾਂ ਕਵੀਆਂ ਨੂੰ ਫਿਟਕਾਰੋ।<br>ਪ੍ਰ1. ਕਵੀ ਸਾਹਿਤਕਾਰਾਂ ਨੂੰ ਕੀ ਕਰਨ ਲਈ ਕਹਿੰਦਾ ਹੈ?<br>(ੳ) ਗੂੜੀ ਨੀਂਦ ਵਿੱਚੋਂ ਜਾਗਣ ਲਈ (ਅ) ਸੌਣ ਲਈ (ੲ) ਪੜ੍ਹਨ ਲਈ (ਸ) ਖਾਣ ਲਈ<br>ਪ੍ਰ 2. ਕਵੀ ਨੇ ਕਿਹੜੇ ਕਵੀਆਂ ਨੂੰ ਫਿਟਕਾਰ ਪਾਉਣ ਲਈ ਕਿਹਾ ਹੈ?<br>(ੳ) ਚੰਗੇ ਕਵੀਆਂ (ਅ) ਸੋਹਣੇ ਕਵੀਆਂ (ੲ) ਮਾੜੇ ਗੀਤ ਲਿਖਣ ਵਾਲੇ (ਸ) ਅਮੀਰ ਕਵੀਆਂ<br>ਪ੍ਰ3. ਮਾਂ-ਬੋਲੀ ਦੀ ਉੱਨਤੀ ਦੇ ਲਈ ਕਵੀ ਕੀ ਕਰਨ ਲਈ ਕਹਿੰਦਾ ਹੈ?<br>(ੳ) ਸੌਣ ਲਈ (ਅ) ਆਲਸ ਕਰਨ ਲਈ (ੲ) ਪੜ੍ਹਨ ਲਈ (ਸ) ਹਿੰਮਤ ਕਰਨ ਲਈ | (3) |

| | | |
|---|---|---|
| | **( ਭਾਗ -ਅ ਲੇਖਣ ਕੋਸ਼ਲ )** | |
| ਪ੍ਰ : 3 | **ਕਿਸੇ ਇੱਕ ਵਿਸ਼ੇ ਉੱਤੇ 200 ਸ਼ਬਦਾਂ ਦਾ ਲੇਖ ਲਿਖੋ।**<br>**' ਹਵਾ ਪ੍ਰਦੂਸ਼ਣ '** ( ਰੂਪ- ਰੇਖਾ:- ਭੂਮਿਕਾ, ਪ੍ਰਦੂਸ਼ਣ ਕੀ ਹੈ? , ਹਵਾ ਪ੍ਰਦੂਸ਼ਣ ,ਹਵਾ ਪ੍ਰਦੂਸ਼ਣ ਦੇ ਕੁਦਰਤੀ ਕਾਰਨ, ਹਵਾ ਪ੍ਰਦੂਸ਼ਣ ਦੇ ਮਨੁੱਖੀ ਕਾਰਨ, ਹਵਾ ਪ੍ਰਦੂਸ਼ਣ ਦੇ ਪ੍ਰਭਾਵ, ਹਵਾ ਪ੍ਰਦੂਸ਼ਣ ਰੋਕਣ ਦੇ ਉਪਾਅ, ਸਾਰੰਸ਼। ) **ਜਾਂ**<br>**' ਸ੍ਰੀ ਗੁਰੂ ਨਾਨਕ ਦੇਵ ਜੀ '** (ਰੂਪ -ਰੇਖਾ:- ਭੂਮਿਕਾ , ਜਨਮ, ਪੜ੍ਹਾਈ, ਫੋਕੀਆਂ ਰਸਮਾਂ ਦਾ ਵਿਰੋਧ, ਦੁਨਿਆਵੀਂ ਕੰਮਾਂ ਉੱਤੇ ਲਾਉਣਾ, ਨੌਕਰੀ ਤੇ ਵਿਆਹ ,ਉਦਾਸੀਆਂ , ਬਾਣੀ ਤੇ ਉਪਦੇਸ਼ ,ਗੁਰਗੱਦੀ ਸੌਂਪਣਾ, ਜੋਤੀ- ਜੋਤ ਸਮਾਉਣਾ, ਸਾਰੰਸ਼।) | (8) |
| ਪ੍ਰ : 4 | ਆਪਣੇ ਵੱਡੇ ਭਰਾ ਦੇ ਵਿਆਹ ਉੱਤੇ ਛੁੱਟੀ ਲੈਣ ਲਈ ਬਿਨੈ- ਪੱਤਰ ਲਿਖੋ। ਜਾਂ<br>ਆਪਣੇ ਮਿੱਤਰ ਨੂੰ ਚਿੱਠੀ ਲਿਖ ਕੇ ਦੱਸੋ ਕਿ ਤੁਸੀਂ ਇਸ ਵਾਰ ਗਰਮੀਆਂ ਦੀਆਂ ਛੁੱਟੀਆਂ ਕਿਵੇਂ ਬਿਤਾਈਆਂ ਹਨ। | (7) |
| ਪ੍ਰ : 5 | **ਹੇਠਾਂ ਦਿੱਤੀ ਗਈ ਤਸਵੀਰ ਦਾ ਵਰਨਣ 50 ਸ਼ਬਦਾਂ ਵਿੱਚ ਕਰੋ।**<br> | (5) |
| | **( ਭਾਗ - ੲ ਵਿਆਕਰਨ )** | ( 22) |
| ਪ੍ਰ : 6 | **ਹੇਠ ਦਿੱਤੇ ਵਿਕਲਪਾਂ ਵਿੱਚੋਂ ਸੁੱਧ ਸ਼ਬਦ ਚੁਣੋ :-**<br>(ੳ) 1. ਕਿਰਪਾ 2. ਕ੍ਰਿਪਾ 3. ਕਿਰਿਪਾ 4. ਕਿਰੀਪਾ<br>(ਅ) 1. ਗੈਹਨਾ 2. ਗਹਿਣਾ 3. ਗਹਿਨਾ 4. ਗੈਹਣਾ | 2 |
| ਪ੍ਰ :7 | (ੳ) ' ਉੱਠ ' ਸ਼ਬਦ ਦਾ ਕਿਹੜਾ ਸਹੀ ਬਹੁ-ਅਰਥਕ ਸ਼ਬਦ ਨਹੀਂ ਹੈ ?<br>1. ਜਾਨਵਰ 2. ਜਾਗਣਾ 3. ਪੈਦਾ ਹੋਣਾ 4. ਖੜ੍ਹੇ ਹੋਣਾ<br>(ਅ) ' ਕਾਜ ' ਸ਼ਬਦ ਦਾ ਸਹੀ ਬਹੁ ਅਰਥਕ ਸ਼ਬਦ ਚੁਣੋ। :-<br>1. ਘੜੀ ਦੀ ਸੂਈ 2. ਨਿਚੋੜ 3. ਕੰਮ 4. ਇੱਕ ਸੰਦ | 2 |
| ਪ੍ਰ : 8 | **ਹੇਠ ਦਿੱਤੇ ਸ਼ਬਦਾਂ ਦੇ ਵਿਰੋਧੀ ਸ਼ਬਦ ਲਿਖੋ :-** (ੳ) ਸੁਖੀ (ਅ) ਕਪੁੱਤਰ (ੲ) ਗੁਰਮੁਖ | 3 |
| ਪ੍ਰ : 9 | **ਹੇਠ ਲਿਖੇ ਅਗੇਤਰ ਲਗਾ ਕੇ ਦੋ-ਦੋ ਸ਼ਬਦ ਬਣਾਓ :-** ( ੳ) ਉਪ (ਅ) ਅ | (.5×4=2) |
| ਪ੍ਰ : 10 | **ਹੇਠ ਲਿਖੇ ਪਿਛੇਤਰ ਲਗਾ ਕੇ ਦੋ ਦੋ ਸ਼ਬਦ ਬਣਾਓ :-** (ੳ) ਆਕ (ਅ) ਈਨ | (.5×4=2) |
| ਪ੍ਰ : 11 | **ਬਹੁਤੇ ਸ਼ਬਦਾਂ ਲਈ ਇੱਕ ਸ਼ਬਦ ਲਿਖੋ :-** | 3 |

| | | |
|---|---|---|
| | (ੳ) ਵਧੇਰੇ ਗੱਲਾਂ ਕਰਨ ਵਾਲਾ<br>(ਅ) ਬਹੁਤ ਝਗੜਾ ਕਰਨ ਵਾਲਾ<br>(ੲ) ਮਿੱਟੀ ਦੇ ਭਾਂਡੇ ਬਣਾਉਣ ਵਾਲਾ | |
| ਪ੍ਰ : 12 | **ਹੇਠਾਂ ਦਿੱਤੇ ਵਾਕ ਵਿੱਚ ਵਿਸ਼ਰਾਮ ਚਿੰਨ੍ਹ ਲਗਾਓ :**<br>(ੳ) ਮੁੱਖ ਅਧਿਆਪਕ ਜੀ ਨੇ ਕਿਹਾ ਇਮਤਿਹਾਨ ਨੇੜੇ ਆ ਰਹੇ ਹਨ | 2 |
| ਪ੍ਰ : 13 | **ਹੇਠਾਂ ਦਿੱਤੇ ਮੁਹਾਵਰਿਆਂ ਦੇ ਅਰਥ ਲਿਖ ਕੇ ਵਾਕ ਬਣਾਉ:-**<br>(ੳ) ਉੱਚਾ ਨੀਵਾਂ ਬੋਲਣਾ (ਅ) ਅੱਖ ਲੱਗਣੀ (ੲ) ਇੱਕ ਅੱਖ ਨਾਲ ਵੇਖਣਾ | 3 |
| ਪ੍ਰ : 14 | **ਬਹੁ - ਵਿਕਲਪੀ ਪ੍ਰਸ਼ਨ**<br>**ਹੇਠਾਂ ਦਿੱਤੇ ਸ਼ਬਦਾਂ ਵਿੱਚੋਂ ਸਹੀ ਸ਼ਬਦ ਚੁਣ ਕੇ ਅਖਾਣ ਪੂਰਾ ਕਰੋ:-**<br>(ੳ) ਸਹਿਜ ਪੱਕੇ ਸੋ , __________ ਹੋਵੇ ,<br>1 ਖੱਟਾ 2 ਕੌੜਾ 3 ਮਿੱਠਾ 4 ਨਮਕੀਨ<br>(ਅ) ਅੰਦਰ ਹੋਵੇ ਸੱਚ , ਤਾਂ _______ ਚੜ ਕੇ ਨੱਚ<br>1 ਵਿਹੜੇ 2 ਕਮਰੇ 3 ਛੱਤ 4 ਕੋਠੇ<br>(ੲ) ' ਉੱਚਾ ਲੰਮਾ ਗੱਭਰੂ ਪੱਲੇ ਠੀਕਰੀਆਂ ' ਅਖਾਣ ਦੀ ਵਰਤੋਂ ਕਿਸ ਮੌਕੇ' ਤੇ ਹੁੰਦੀ ਹੈ ?<br>1 ਬਾਹਰੋਂ ਚੰਗਾ ਦਿੱਸਣਾ ਤੇ ਅੰਦਰੋਂ ਗੁਣਹੀਣ ਹੋਣਾ<br>2 ਜਦੋਂ ਚੀਜ਼ ਜ਼ਿਆਦਾ ਹੋਵੇ ਤੇ ਮੰਗ ਘੱਟ ਹੋਵੇ<br>3 ਜਦੋਂ ਚੀਜ਼ ਘੱਟ ਹੋਵੇ ਤੇ ਮੰਗ ਵੱਧ ਹੋਵੇ<br>4 ਜਦੋਂ ਰਖਵਾਲੇ ਹੀ ਲੁੱਟਣ ਲੱਗ ਪੈਣ | 3 |
| | **( ਭਾਗ - ਸ ਪਾਠ ਪੁਸਤਕ )** | |
| ਪ੍ਰ: 15 | **ਹੇਠ ਲਿਖੀ ਕਾਵਿ - ਟੁੱਕੜੀ ਨੂੰ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਉ :-**<br>**ਬਾਬਾ ਮੈਂ ਰਾਜਾ ਹਾਂ , ਨਾਂ ਹੈ ' ਰਣਜੀਤ' ਮੇਰਾ ।**<br>**' ਨੇਕੀ' ਹੈ ਕਾਰ ਮੇਰੀ , ਸਾਂਝਾ ਹੈ ਧਰਮ ਮੇਰਾ।**<br>**ਪਰਜਾ ਲਈ ਜਾਨ ਦਿਆਂ , ਪੇਸ਼ਾ ਹੈ ' ਪ੍ਰੀਤ ' ਮੇਰਾ ।**<br>**ਕਾਬੁਲ ਦੀਆਂ ਕੰਧਾਂ ਤੱਕ , ਮੈਂ ਪਾਉਂਦਾ ਘੂਕਰ ਹਾਂ।**<br>**ਪਰ ਪਿਆਰੇ ਬਾਬਾ ਜੀ , ਪਰਜਾ ਦਾ ਮੈਂ ਕੂਕਰ ਹਾਂ।**<br>(ੳ) ਇਸ ਕਵਿਤਾ ਦਾ ਨਾਂ ਦੱਸੋ ?<br>(ਅ) ਇਸ ਕਵਿਤਾ ਦੇ ਕਵੀ ਦਾ ਨਾਂ ਦੱਸੋ ?<br>(ੲ) ਰਾਜੇ ਦਾ ਨਾਂ ਕੀ ਹੈ ?<br>(ਸ) ਰਾਜੇ ਦਾ ਪੇਸ਼ਾ ਕੀ ਹੈ ?<br>(ਹ) ' ਕੂਕਰ ' ਸ਼ਬਦ ਦਾ ਅਰਥ ਦੱਸੋ। | (5) |
| ਪ੍ਰ: 16 | **ਹੇਠਾਂ ਦਿੱਤੇ ਗਏ ਪ੍ਰਸ਼ਨਾਂ ਦੇ ਦਿੱਤੇ ਗਏ ਵਿਕਲਪਾਂ ਵਿੱਚੋ ਸਹੀ ਉੱਤਰ ਚੁਣੋ:-**<br>(ੳ) ਸਾਜ਼ ਵਜਾਉਣ ਵਾਲੇ ਨੂੰ ਕੀ ਆਖਿਆ ਜਾਂਦਾ ਹੈ ? | (1×8=8) |

| | | |
|---|---|---|
| | 1. ਵਜ਼ੰਤਰੀ 2. ਸੁਨਾਰ 3. ਘੁਮਿਆਰ 4. ਲੁਹਾਰ<br>(ਅ). ' ਭਾਸ਼ਾ ਦਾ ਗਣਿਤ' ਲੇਖ ਕਿਸ ਦਾ ਲਿਖਿਆ ਹੋਇਆ ਹੈ ?<br>1. ਗੁਰਦੀਪ ਭੰਮਰਾ 2. ਕਰਨੈਲ ਸਿੰਘ ਸੋਮਲ 3. ਸੁਰਜੀਤ ਸਿੰਘ ਮਰਜਾਰਾ 4. ਫ਼ੀਰੋਜ਼ਦੀਨ ਸ਼ਰਫ਼<br>(ਏ) ਕਿੱਥੋਂ ਦਾ ਰਾਜਾ ਪੀਣ ਵਾਲਾ ਪਾਣੀ ਮੰਡੀ ਗੋਬਿੰਦਗੜ੍ਹ ਤੋਂ ਮੰਗਵਾਉਂਦਾ ਸੀ ?<br>1. ਪਟਿਆਲੇ 2. ਫਿਰੋਜ਼ਪੁਰ 3. ਜਲੰਧਰ 4. ਨਾਭੇ<br>(ਸ) ' ਬਸ ਚਾਰ ਕਣੀਆਂ ' ਸ਼ਬਦ ਕਿਸ ਦੇ ਲਈ ਵਰਤਿਆ ਜਾਂਦਾ ਹੈ ?<br>1. ਘੁਮਿਆਰ 2. ਕਿਸਾਨ 3. ਵਕੀਲ 4. ਸੁਨਾਰ<br>(ਹ) ਭਾਸ਼ਾ ਦਾ ਗਣਿਤ ਬੜਾ __________________ ਹੈ ।<br>1. ਲਚੀਲਾ 2. ਸਖ਼ਤ 3. ਦਿਲਚਸਪ 4. ਬੋਰਿੰਗ<br>(ਕ) ਆਪਣੇ ਬੰਦੇ ਦੇ ਸਿਰ ਸੱਟ ਵੱਜੀ ਹੋਵੇ ਤਾਂ ਕੀ ਆਖੀਦਾ ਹੈ ?<br>1.ਮਾੜੀ ਜਿਹੀ ਝਰੀਟ 2. ਸਿਰ ਪਾਟ ਗਿਆ 3. ਕੁਝ ਨਹੀਂ ਹੋਇਆ 4. ਮਾਰ ਦਿੱਤਾ<br>(ਖ) ਖੂਹਾਂ ਤੋਂ ਪਾਣੀ ਲਿਆਉਣ ਵੇਲੇ ਔਰਤਾਂ ਕਿਸ ਦੀ ਵਰਤੋਂ ਕਰਦੀਆਂ ਹਨ ?<br>1. ਚਾਟੀ 2. ਤੌੜੀ 3. ਵਜੰਤਰੀ 4. ਘੜਾ<br>(ਗ) ਲੇਖਕ ' ਸੁਰਜੀਤ ਸਿੰਘ ਮਰਜਾਰਾ ' ਦੁਆਰਾ ਲਿਖਿਆ ਪਾਠ ਕਿਹੜਾ ਹੈ ?<br>1. ਘੜੇ ਦਾ ਪਾਣੀ 2. ਨੇਕੀ ਦਾ ਫ਼ਲ 3. ਭਾਸ਼ਾ ਦਾ ਗਣਿਤ 4. ਪਾਂਡੀ ਪਾਤਸ਼ਾਹ | |
| ਪ੍ਰ :17 | **' ਪਿੱਪਲ ਦੇ ਪੱਤੇ ਨੂੰ '** ਕਵਿਤਾ ਦਾ ਸਾਰ ਲਿਖੋ । | (5) |
| ਪ੍ਰ : 18 | **ਹੇਠਾਂ ਦਿੱਤੇ ਕੋਈ 4 ਪ੍ਰਸ਼ਨਾਂ ਦੇ ਉੱਤਰ ਤਿੰਨ- ਚਾਰ ਸਤਰਾਂ ਵਿੱਚ ਲਿਖੋ :**<br>(ੳ) ਕਹਾਣੀ ਵਿਚਲੇ ਗ਼ਰੀਬ ਬੱਚੇ ਦਾ ਘਰ-ਘਰ ਜਾ ਕੇ ਸਮਾਨ ਵੇਚਣ ਦਾ ਕੀ ਕਾਰਨ ਦੱਸਿਆ ਗਿਆ ਹੈ ?<br>(ਅ) ਮਹਿੰਦਰੀ ਆਪਣੀ ਮਾਂ ਕੋਲੋਂ ਬਾਂਹ ਛੁਡਾ ਕੇ ਕਿਉਂ ਦੌੜ ਰਿਹਾ ਸੀ ?<br>(ੲ) ਸਰਵਣ ਦੀ ਘਰ ਗ੍ਰਿਹਸਤੀ ਦਾ ਖ਼ਰਚਾ ਕਿਵੇਂ ਚੱਲਦਾ ਸੀ ?<br>(ਸ) ਮਹਿੰਦਰੀ ਡਰਾਕਲ ਕਿਉਂ ਬਣ ਗਿਆ ਸੀ ? ਮਹਿੰਦਰੀ ਦੀ ਡਰਨ ਦੀ ਇਹ ਹਾਲਤ ਕਦੋਂ ਤੱਕ ਬਣੀ ਰਹੀ ?<br>(ਹ) ਔਰਤ ਨੇ ਦੁੱਧ ਦੀ ਕੀਮਤ ਲੈਣ ਤੋਂ ਇਨਕਾਰ ਕਿਉਂ ਕੀਤਾ ?<br>(ਕ) ਮੱਖਣ ਦਾ ਤੋਲ ਘੱਟ ਕਿਉਂ ਸੀ ? ਕੀ ਸਰਵਣ ਬੇਈਮਾਨ ਸੀ ? | (4×2 =8) |
| ਪ੍ਰ: 19 | **ਹੇਠ ਲਿਖੇ ਸ਼ਬਦਾਂ ਦੇ ਅਰਥ ਲਿਖੋ :-** (ੳ) ਆਦਾਨ-ਪ੍ਰਦਾਨ (ਅ) ਲੱਖਣ | (2) |
| ਪ੍ਰ : 20 | **ਹੇਠ ਲਿਖੇ ਵਾਕ ਕਿਸ ਨੇ , ਕਿਸ ਨੂੰ ਕਹੇ :-**<br>**ੳ)** ਕੀ ਤੇਰੇ ਕੋਲ ਅਜੇ ਉਹ ਖੰਡ ਦੀ ਥੈਲੀ ਪਈ ਹੈ ?<br>**ਅ)** ਮੈਨੂੰ ਤਾਂ ਵਿਸ਼ਵਾਸ਼ ਨਹੀਂ ਹੋ ਰਿਹਾ । ਸਰਵਣ ਇੱਕ ਨਿਹਾਇਤ ਹੀ ਸ਼ਰੀਫ਼ ਆਦਮੀ ਹੈ । | (2) |

ਓ. ਐਸ. ਡੀ. ਏ. ਵੀ. ਪਬਲਿਕ ਸਕੂਲ , ਕੈਥਲ
ਸਤੰਬਰ ਪਰੀਖਿਆ ( **2024-25**)
ਜਮਾਤ : ਅੱਠਵੀਂ
ਵਿਸ਼ਾ : ਪੰਜਾਬੀ **Set A**

ਸਮਾਂ :- **3** ਘੰਟੇ ਅਧਿਕਤਮ ਅੰਕ **(80)**

ਜੇਕਰ ਇਸ ਉੱਤਰ ਕੁੰਜੀ ਵਿੱਚ ਵਿਦਿਆਰਥੀਆਂ ਦੁਆਰਾ ਸੰਬੰਧਤ ਉੱਤਰ ਨਾਲ ਕੋਈ ਹੋਰ ਉੱਤਰ ਵੀ ਦਿੱਤਾ ਜਾਵੇ ਅਤੇ ਉਹ ਸਹੀ ਹੈ ਤਾਂ ਉਸਦੇ ਅੰਕ ਵੀ ਮਿਲਣਗੇ ।

| ਉੱਤਰ ਨੰਬਰ | ਉੱਤਰ | ਅੰਕ |
|---|---|---|
| | ( ਭਾਗ-ੳ ਪੜ੍ਹਨ ਕੌਸ਼ਲ ) | |
| **1** | (1) ਭਾਰਤੀ ਸੰਵਿਧਾਨ ਸਭਾ ਨੇ ਇਸ ਝੰਡੇ ਨੂੰ ਕੌਮੀ ਝੰਡੇ ਦੇ ਰੂਪ ਵਿੱਚ 22 ਜੁਲਾਈ 1947 ਨੂੰ ਅਪਣਾਇਆ ਸੀ ?<br>(2) ਭਾਰਤੀ ਤਿਰੰਗੇ ਵਿੱਚ ਬਣਿਆ ਅਸ਼ੋਕ ਚੱਕਰ ਸਾਨੂੰ ਅੱਗੇ ਵਧਣ ਦੀ ਪ੍ਰੇਰਨਾ ਦਿੰਦਾ ਹੈ ?<br>(3) ਭਾਰਤੀ ਤਿਰੰਗੇ ਵਿੱਚ ਸਭ ਤੋਂ ਹੇਠਾਂ ਹਰੇ ਰੰਗ ਦੀ ਪੱਟੀ ਹੈ ਖੁਸ਼ਹਾਲੀ ਅਤੇ ਪ੍ਰਗਤੀ ਨੂੰ ਦਰਸਾਉਂਦੀ ਹੈ ?<br>(4) ਸਾਡਾ ਰਾਸ਼ਟਰੀ ਝੰਡਾ ਸਾਡੇ ਦੇਸ਼ ਦੀ ਏਕਤਾ ਅਖੰਡਤਾ ਸ਼ਾਂਤੀ ਅਤੇ ਪ੍ਰਗਤੀ ਦਾ ਪ੍ਰਤੀਕ ਹੈ ?<br>(5) ਭਾਰਤ ਦੀ ਸ਼ਾਨ ਤਿਰੰਗਾ। | **(5)** |
| **2** | 1. (ੳ) ਦੇਸ਼ ਦੇ ਜ਼ੱਰੇ ਜ਼ੱਰੇ ਨਾਲ<br>2. (ਏ) ਕਸਮਾਂ<br>3. (ਅ) ਦੇਸ਼ ਕੌਮ ਲਈ | **(3)** |
| | ( ਭਾਗ -ਅ ਲੇਖਣ ਕੌਸ਼ਲ | |
| **3** | ਕਿਸੇ ਇੱਕ ਵਿਸ਼ੇ ਉੱਤੇ **200** ਸ਼ਬਦਾਂ ਦਾ ਲੇਖ ਲਿਖੋ।<br>' ਸ੍ਰੀ ਗੁਰੂ ਨਾਨਕ ਦੇਵ ਜੀ ' ( ਰੂਪ-ਰੇਖਾ:- ਭੂਮਿਕਾ, ਜਨਮ, ਪੜ੍ਹਾਈ, ਫੋਕੀਆਂ ਰਸਮਾਂ ਦਾ ਵਿਰੋਧ, ਦੁਨਿਆਵੀਂ ਕੰਮਾਂ ਉਤੇ ਲਾਉਣਾ, ਨੌਕਰੀ ਤੇ ਵਿਆਹ , ਉਦਾਸੀਆਂ , ਬਾਣੀ ਅਤੇ ਉਪਦੇਸ਼ , ਗੁਰਗੱਦੀ ਸੌਂਪਣਾ, ਜੋਤੀ- ਜੋਤ ਸਮਾਉਣਾ, ਸਾਰੰਸ਼ ) ਜਾਂ<br>'ਅੱਖੀ ਡਿੱਠਾ ਮੈਚ '(ਰੂਪ-ਰੇਖਾ:-ਭੂਮਿਕਾ, ਫਾਈਨਲ ਮੈਚ, ਖਿਡਾਰੀਆਂ ਦਾ ਮੈਦਾਨ ਵਿੱਚ ਆਉਣਾ, ਰੈਫ਼ਰੀ ਦੀ ਵਿਸਲ,ਪਹਿਲੇ ਅੱਧ ਦੀ ਖੇਡ ਦਾ ਨਜ਼ਾਰਾ, ਉੱਚੇ ਦਰਜੇ ਦੀ ਖੇਡ, ਅੱਧਾ ਸਮਾਂ, ਦੂਜੇ ਅੱਧ ਦੀ ਖੇਡ, ਮੈਚ ਜਿੱਤਣਾ ,ਸਾਰੰਸ਼ | **(8)** ਭੂਮਿਕਾ **(1)**, ਸਾਰੰਸ਼ **(1)+6** |
| **4** | ਪਰੀਖਿਆ ਭਵਨ,<br>.........ਸ਼ਹਿਰ।<br>ਮਿਤੀ .............<br>ਸੇਵਾ ਵਿਖੇ,<br>ਐਸ. ਐਚ .ਓ. ਸਾਹਿਬ,<br>ਡਿਵੀਜ਼ਨ ਨੰਬਰ ਤਿੰਨ,<br>................. ਸ਼ਹਿਰ।<br>ਵਿਸ਼ਾ :- ਮੋਟਰ ਸਾਈਕਲ ਚੋਰੀ ਹੋਣ ਬਾਰੇ।<br>ਸ੍ਰੀ ਮਾਨ ਜੀ, | **(7)1+1+1+3+1** |

| | | |
|---|---|---|
| | ਸਨਿਮਰ ਬੇਨਤੀ ਇਹ ਹੈ ਕਿ–-----------------------------------------------------------------------------------------------------------------------------------------------------<br><br>ਧੰਨਵਾਦ ਸਹਿਤ ।<br><br>ਆਪ ਜੀ ਦਾ ਵਿਸ਼ਵਾਸ ਪਾਤਰ ,<br>ਨਾਂ.....................<br><br>ਨਾਲ ਨੱਥੀ ਦਸਤਾਵੇਜ<br>ਬੀਮੇ ਦੀ ਫੋਟੋ ਕਾੱਪੀ<br>ਆਰ .ਸੀ ਦੀ ਫੋਟੋ ਕਾੱਪੀ<br><br>ਜਾਂ<br><br>ਪਰੀਖਿਆ ਭਵਨ,<br>.........ਸ਼ਹਿਰ।<br>ਮਿਤੀ ............<br><br>ਪਿਆਰੀ ਸਹੇਲੀ/ ਪਿਆਰੇ ਮਿੱਤਰ,<br>ਮਿੱਠੀਆਂ ਯਾਦਾਂ ।<br>ਮੈਂ ਇੱਥੇ ਠੀਕ ਹਾਂ ।<br>-------------------------------------------------------------------------------------------------------------------------------------------------------------<br><br>ਤੇਰਾ ਮਿੱਤਰ/ ਤੇਰੀ ਸਹੇਲੀ,<br>ਕ.ਖ.ਗ | |
| 5 | ਦਿੱਤੀ ਗਈ ਤਸਵੀਰ ਦਾ ਵਰਨਣ ਵਿਦਿਆਰਥੀਆਂ ਰਾਹੀ ਆਪਣੇ ਸ਼ਬਦਾਂ ਵਿੱਚ ਕੀਤਾ ਜਾਵੇਗਾ ।  | **(5)1+3+1**<br>ਜਾਣ ਪਛਾਣ,<br>ਤਸਵੀਰ ਵਰਨਣ ,<br>ਸਾਰੰਸ਼ |
| | ( ਭਾਗ - ਏ ਵਿਆਕਰਨ ) | **( 22)** |
| **6** | 1. (ਅ) ਟਹਿਣੀ<br>2.(ਅ) ਪਰਾਇਆ | **2** |
| **7** | (ੳ) 1. ਸ਼ਰਮ<br>**(ਅ)** 4. ਇੱਕ ਸੰਦ | **2** |

| | | |
|---|---|---|
| 8 | ਦਿੱਤੇ ਸ਼ਬਦਾਂ ਦੇ ਵਿਰੋਧੀ ਸ਼ਬਦ :- (ੳ) ਆਕੜ (ਅ) ਬੇਹੋਸ਼ (ੲ) ਭਰਿਆ | 3 |
| 9 | ਅਗੇਤਰ ਲਾ ਕੇ ਦੋ-ਦੋ ਸ਼ਬਦ :- (ੳ) ਅੱਧਮੋਇਆ ,ਅਧਵਾਟੇ (ਅ) ਸਬਜੱਜ, ਸਬਇੰਸਪੈਕਰ | (.5×4=2) |
| 10 | ਪਿਛੇਤਰ ਲਾ ਕੇ ਦੋ ਦੋ ਸ਼ਬਦ :- (ੳ) ਚੰਗਿਆਈ, ਬੁਰਿਆਈ (ਅ) ਦਾਤਾਰ , ਲੁਹਾਰ | (.5×4=2) |
| 11 | ਬਹੁਤੇ ਸ਼ਬਦਾਂ ਲਈ ਇੱਕ ਸ਼ਬਦ :- (ੳ) ਸਰਵ ਸ਼ਕਤੀਮਾਨ (ਅ) ਕਿਰਤੀ (ੲ) ਅਪੂਰਨ | 3 |
| 12 | ਦਿੱਤੇ ਵਾਕ ਵਿੱਚ ਵਿਸ਼ਰਾਮ ਚਿੰਨ੍ਹ :<br>(ੳ) ਮਹਾਤਮਾ ਜੀ ਨੇ ਕਿਹਾ, " ਸਾਨੂੰ ਇਕੱਠੇ ਹੋ ਕੇ ਰਹਿਣਾ ਚਾਹੀਦਾ ਹੈ।" | (.5×4=2) |
| 13 | ਦਿੱਤੇ ਮੁਹਾਵਰਿਆਂ ਦੇ ਅਰਥ ਅਤੇ ਵਾਕ ਬੱਚਿਆਂ ਦੁਆਰਾ ਆਪਣੇ ਸ਼ਬਦਾਂ ਵਿੱਚ ਬਣਾਏ ਜਾਣਗੇ:-<br>(ੳ) ਚਲਾਕੀ ਕਰਨੀ(ਅ) ਮੌਤ ਹੋ ਜਾਣਾ (ੲ) ਡਰ ਜਾਣਾ | 3 |
| 14 | ਬਹੁ - ਵਿਕਲਪੀ ਪ੍ਰਸ਼ਨ<br>ਦਿੱਤੇ ਸ਼ਬਦਾਂ ਵਿੱਚੋਂ ਸਹੀ ਸ਼ਬਦ ਚੁਣ ਕੇ ਅਖਾਣ ਪੂਰਾ :-<br>(ੳ) 3 ਦੁਕਾਨ (ਅ) 1 ਵਿਹੜੇ (ੲ) 4.ਜਦੋਂ ਚੀਜ਼ ਘੱਟ ਹੋਵੇ ਤੇ ਮੰਗ ਵੱਧ ਹੋਵੇ | 3 |
| | ( ਭਾਗ - ਸ ਪਾਠ ਪੁਸਤਕ ) | |
| 15 | (ੳ) ਇਸ ਕਵਿਤਾ ਦਾ ਨਾਂ ਪਾਂਡੀ ਪਾਤਸ਼ਾਹ<br>(ਅ) ਇਸ ਕਵਿਤਾ ਦੇ ਕਵੀ ਦਾ ਨਾਂ ਵਿਧਾਤਾ ਸਿੰਘ ਤੀਰ<br>(ੲ) ਭੰਡਾਰ ਦਾ ਰਾਖਾ ਮਹਾਰਾਜਾ ਰਣਜੀਤ ਸਿੰਘ ਹੈ<br>(ਸ) ਭੰਡਾਰ ਦੇ ਦਰਵਾਜੇ ਤੜਕੇ ਤੋਂ ਆਥਣ ਤੱਕ ਖੁੱਲ੍ਹੇ ਹਨ<br>(ਹ) ' ਢੰਡੋਰਾ ' । | (5) |
| 16 | ਹੇਠਾਂ ਦਿੱਤੇ ਗਏ ਪ੍ਰਸ਼ਨਾਂ ਦੇ ਦਿੱਤੇ ਗਏ ਵਿਕਲਪਾਂ ਵਿੱਚੋ ਸਹੀ ਉੱਤਰ ਚੁਣੋ:-<br>(ੳ). (1) ਅਮੀਰ ਬੰਦੇ ਦੀ<br>(ਅ). (3) ਸੁਰਜੀਤ ਸਿੰਘ ਮਰਜਾਰਾ<br>(ੲ) (4) ਫ਼ਰਿੱਜ ਤੇ ਵਾਟਰ- ਕੂਲਰ ਨੂੰ<br>(ਸ) ' (1) ਥੋੜ੍ਹੇ ਸਮੇਂ ਦਾ<br>(ਹ) (3) ਕੁੰਭ ਦਾ ਜਲ<br>(ਕ) (1) ਰੇਤ ਤੇ ਕੱਚਾ ਕੋਲਾ<br>(ਖ) (4) ਘੁਮਿਆਰ<br>(ਗ) (3) ਭਾਸ਼ਾ ਦਾ ਗਣਿਤ | (1×8=8) |
| 17 | ' ਸੂਰਜ ਦਾ ਗੀਤ ' ਕਵਿਤਾ ਦਾ ਸਾਰ ਵਿਦਿਆਰਥੀਆਂ ਦੁਆਰਾ ਆਪਣੇ ਸ਼ਬਦਾਂ ਵਿੱਚ ਲਿਖਿਆ ਜਾਵੇਗਾ। | (5) |
| 18 | ਹੇਠਾਂ ਦਿੱਤੇ ਕੋਈ 4 ਪ੍ਰਸ਼ਨਾਂ ਦੇ ਉੱਤਰ ਤਿੰਨ- ਚਾਰ ਸਤਰਾਂ ਵਿੱਚ ਲਿਖੋ :<br>(ੳ) ਭੁੱਖ ਨਾਲ ਪਰੇਸ਼ਾਨ ਬੱਚੇ ਲਈ ਤੁਰਨਾ ਵੀ ਔਖਾ ਹੋ ਗਿਆ ਸੀ ।ਉਸ ਨੇ ਸੋਚਿਆ ਕਿ ਕਿਸੇ ਘਰ ਦਾ ਦਰਵਾਜ਼ਾ ਖੜਕਾਇਆ ਜਾਵੇ। ਹੋ ਸਕਦਾ ਹੈ ਕੁਝ ਖਾਣ ਨੂੰ ਮਿਲ ਜਾਵੇ ।ਉਸਨੇ ਇਸ ਆਸ ਨਾਲ ਇੱਕ ਘਰ ਦਾ ਦਰਵਾਜ਼ਾ ਖੜਕਾਇਆ ਅਤੇ ਇੱਕ ਔਰਤ ਨੇ ਉਸ ਨੂੰ ਪੀਣ ਲਈ ਦੁੱਧ ਦਾ ਇੱਕ ਗਿਲਾਸ ਦਿੱਤਾ।<br>(ਅ)ਮਹਿੰਦਰੀ ਡਰਾਕਲ ਇਸਲਈ ਬਣ ਗਿਆ ਸੀ ਕਿਉਂਕਿ ਉਸ ਦੀ ਮਾਂ ਨੇ ਉਸਨੂੰ ਮਾਊਂ ਦਾ ਡਰਾਵਾ ਦੇ ਕੇ ਨਹਾਉਣ ਲਈ ਬਿਠਾਇਆ ਸੀ ਅਤੇ ਉਹ ਸੋਚ ਰਿਹਾ ਸੀ ਕਿ ਇਹ ਮਾਊਂ ਪਤਾ ਨਹੀਂ ਕੀ ਬਲਾ ਹੈ ਜੋ ਉਸ ਨੂੰ ਉਸਦੀ ਮਾਂ ਤੋਂ ਖੋਹ ਕੇ ਖਾ ਜਾਵੇਗਾ।<br>(ੲ) ਸਰਵਣ ਇੱਕ ਪਿੰਡ ਵਿੱਚ ਰਹਿੰਦਾ ਸੀ ਅਤੇ ਪਿੰਡ ਦੇ ਕਸਬੇ ਵਿੱਚ ਹੀ ਲਾਲੇ ਦੀ ਹੱਟੀ ਸੀ ।ਜਿੱਥੇ ਸਰਵਣ ਦਾ ਆਉਣਾ ਜਾਣਾ ਲੱਗਾ ਰਹਿੰਦਾ ਸੀ। ਸਰਵਣ ਆਪਣੇ ਘਰ ਦੀਆਂ ਛੋਟੀਆਂ ਮੋਟੀਆਂ | (4×2 =8) |


| | | |
|---|---|---|
| | ਜਰੂਰਤਾਂ ਪੂਰੀਆਂ ਕਰਨ ਲਈ ਸਮਾਨ ਲਾਲੇ ਤੋਂ ਲੈਂਦਾ ਸੀ ਅਤੇ ਮੱਖਣ ਦੇ ਪੇੜੇ ਬਣਾ ਕੇ ਸਰਵਣ ਲਾਲੇ ਨੂੰ ਵੇਚਦਾ ਸੀ। ਜਿਸ ਕਰਕੇ ਉਸ ਦਾ ਲਾਲੇ ਨਾਲ ਵਾਹ ਪੈਂਦਾ ਸੀ।<br>(ਸ) ਮਹਿੰਦਰੀ ਡਰਾਕਲ ਇਸ ਲਈ ਬਣ ਗਿਆ ਸੀ ਕਿਉਂਕਿ ਬਚਪਨ ਤੋਂ ਹੀ ਉਸਦੀ ਮਾਂ ਉਸ ਨੂੰ ਮਾਊਂ ਦਾ ਡਰਾਵਾ ਦਿੰਦੀ ਸੀ ਅਤੇ ਇਹ ਮਾਊਂ ਦਾ ਡਰ ਉਸਦੇ ਮਨ ਵਿੱਚ ਬੈਠ ਗਿਆ ਸੀ ।ਜਿਸ ਕਰਕੇ ਉਸਦੀ ਇਹ ਡਰਨ ਦੀ ਆਦਤ ਉਸਦੇ ਵੱਡੇ ਹੋਣ ਤੱਕ ਵੀ ਬਣੀ ਰਹੀ ।<br>(ਹ) ਉਸ ਬੱਚੇ ਨੇ ਡਾਕਟਰ ਹਾਰਵਰਡ ਕੈਲੇ ਦੇ ਰੂਪ ਵਿੱਚ ਆ ਕੇ ਉਸ ਔਰਤ ਨੂੰ ਪਛਾਣ ਲਿਆ। ਉਸ ਡਾਕਟਰ ਨੂੰ ਔਰਤ ਦੀ ਬਿਮਾਰੀ ਦਾ ਇਲਾਜ ਪਤਾ ਸੀ। ਉਸ ਨੇ ਉਸ ਨੂੰ ਆਪਣੀ ਦੇਸ਼ ਰੇਖ ਹੇਠਾਂ ਰੱਖਿਆ ਅਤੇ ਉਸਦਾ ਇਲਾਜ ਕੀਤਾ। ਉਸ ਨੇ ਉਸ ਦੇ ਇਲਾਜ ਦਾ ਬਿੱਲ ਭਰ ਕੇ ਅਤੇ ਉਸ ਦੀ ਜਾਨ ਬਚਾ ਕੇ ਉਸ ਔਰਤ ਵੱਲੋਂ ਕੀਤੀ ਨੇਕੀ ਦਾ ਫ਼ਲ ਚੁਕਾਇਆ।<br>(ਕ) ਮੱਖਣ ਦਾ ਤੋਲ ਘੱਟ ਨਿਕਲਣ ਤੇ ਲਾਲਾ ਸਿੱਧਾ ਸਰਵਣ ਦੇ ਪਿੰਡ ਪੰਚਾਇਤ ਕੋਲ ਗਿਆ ।ਉਸਨੇ ਸਰਵਣ ਦੀ ਸ਼ਿਕਾਇਤ ਕਰਦਿਆਂ ਕਿਹਾ ਕਿ ਸਰਵਣ ਉਸਨੂੰ ਇੱਕ ਕਿਲੋ ਦੀ ਬਜਾਏ 9 ਗਾ੍ਮ ਮੱਖਣ ਦਿੰਦਾ ਹੈ ਜਦ ਕਿ ਉਹ ਸਰਵਣ ਨੂੰ ਪੂਰੇ ਇਕ ਕਿਲੋ ਮੱਖਣ ਦੇ ਪੈਸੇ ਦਿੰਦਾ ਹੈ। ਜਿਸ ਕਰਕੇ ਉਸ ਦਾ ਲਗਭਗ 20 ਹਜਾ਼ਰ ਦਾ ਨੁਕਸਾਨ ਹੋ ਗਿਆ ਹੈ। | |
| **19** | ਹੇਠ ਲਿਖੇ ਸ਼ਬਦਾਂ ਦੇ ਅਰਥ **:-** (ੳ) ਨੇੜੇ ਦੇ (ਅ) ਉਲਝਣ | **(2)** |
| **20** | ਹੇਠ ਲਿਖੇ ਵਾਕ ਕਿਸ ਨੇ ਕਿਸ ਨੂੰ ਕਹੇ**:-**<br>ੳ) ਲਾਲੇ ਨੇ ਸਰਪੰਚ ਨੂੰ<br>ਅ) ਸਰਪੰਚ ਨੇ ਲਾਲੇ ਨੂੰ | **(2)** |

ਓ. ਐਸ. ਡੀ. ਏ. ਵੀ. ਪਬਲਿਕ ਸਕੂਲ , ਕੈਥਲ
ਸਤੰਬਰ ਪਰੀਖਿਆ ( 2024-25 )
ਜਮਾਤ : ਅੱਠਵੀਂ
ਵਿਸ਼ਾ : ਪੰਜਾਬੀ **Set B**

ਸਮਾਂ :- 3 ਘੰਟੇ ਅਧਿਕਤਮ ਅੰਕ (80)

ਜੇਕਰ ਇਸ ਉੱਤਰ ਕੁੰਜੀ ਵਿੱਚ ਦਿੱਤੇ ਹੋਏ ਉੱਤਰ ਨਾਲ ਸੰਬੰਧਤ ਵਿਦਿਆਰਥੀ ਕੋਈ ਹੋਰ ਉੱਤਰ ਵੀ ਦਿੰਦੇ ਹਨ ਅਤੇ ਉਹ ਸਹੀ ਹੈ ਤਾਂ ਉਸਦੇ ਵੀ ਅੰਕ ਦਿੱਤੇ ਜਾਣਗੇ

| ਉੱਤਰ ਨੰਬਰ | ਉੱਤਰ | ਅੰਕ |
|---|---|---|
| | ( ਭਾਗ-ੳ ਪੜ੍ਹਨ ਕੌਸ਼ਲ ) | |
| 1 | ਅਣਡਿੱਠਾ ਪੈਰਾ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ :-<br>(1) ਸਮੇਂ ਦੀ ਕਦਰ ਨਾ ਕਰਨ ਵਾਲਾ ਵਿਅਕਤੀ ਜ਼ਿੰਦਗੀ ਦੀ ਦੌੜ ਵਿੱਚ ਪਿੱਛੇ ਰਹਿ ਜਾਂਦਾ ਹੈ।<br>(2) ਸਮੇਂ ਦੀ ਕਦਰ ਕਰਨ ਵਾਲੇ ਵਿਅਕਤੀ ਦਾ ਸੁਭਾਅ ਚਿੜਚਿੜਾ ਨਹੀਂ ਰਹਿੰਦਾ ਹੈ ।<br>(3) ਸਮੇਂ ਦੇ ਪਾਬੰਦ ਰਹਿਣ ਵਾਲੇ ਵਿਅਕਤੀ ਵਿੱਚ ਸੱਚ ਬੋਲਣ ਦਾ ਗੁਣ ਆਪਣੇ ਆਪ ਸ਼ਾਮਲ ਹੋ ਜਾਂਦਾ ਹੈ ।<br>(4) ਸਮੇਂ ਦੀ ਕਦਰ ਕਰਨ ਵਾਲਾ ਵਿਅਕਤੀ ਇਕਰਾਰ ਦਾ ਪੱਕਾ ਰਹਿੰਦਾ ਹੈ ।<br>(5) ਸਮੇਂ ਦਾ ਮਹੱਤਵ। | (5) |
| 2 | ਹੇਠ ਲਿਖੀ ਕਾਵਿ-ਟੁੱਕੜੀ ਨੂੰ ਪੜ੍ਹ ਕੇ ਬਹੁ ਵਿਕਲਪੀ ਪ੍ਰਸ਼ਨਾਂ ਦੇ ਉੱਤਰ :–<br>1.(ੳ) ਗੂੜੀ ਨੀਂਦ ਵਿੱਚੋਂ ਜਾਗਣ ਲਈ<br>2. (ੲ) ਮਾੜੇ ਗੀਤ ਲਿਖਣ ਵਾਲੇ<br>3. (ਸ) ਹਿੰਮਤ ਕਰਨ ਲਈ | (3) |
| | ( ਭਾਗ -ਅ ਲੇਖਣ ਕੌਸ਼ਲ ) | |
| 3 | ਕਿਸੇ ਇੱਕ ਵਿਸ਼ੇ ਉੱਤੇ 200 ਸ਼ਬਦਾਂ ਦਾ ਲੇਖ ਲਿਖੋ।<br>' ਹਵਾ ਪ੍ਰਦੂਸ਼ਣ ' ( ਰੂਪ- ਰੇਖਾ:- ਭੂਮਿਕਾ, ਪ੍ਰਦੂਸ਼ਣ ਕੀ ਹੈ? , ਹਵਾ ਪ੍ਰਦੂਸ਼ਣ ,ਹਵਾ ਪ੍ਰਦੂਸ਼ਣ ਦੇ ਕੁਦਰਤੀ ਕਾਰਨ, ਹਵਾ ਪ੍ਰਦੂਸ਼ਣ ਦੇ ਮਨੁੱਖੀ ਕਾਰਨ, ਹਵਾ ਪ੍ਰਦੂਸ਼ਣ ਦੇ ਪ੍ਰਭਾਵ, ਹਵਾ ਪ੍ਰਦੂਸ਼ਣ ਰੋਕਣ ਦੇ ਉਪਾਅ, ਸਾਰੰਸ਼। ) ਜਾਂ<br>' ਸ੍ਰੀ ਗੁਰੂ ਨਾਨਕ ਦੇਵ ਜੀ ' (ਰੂਪ -ਰੇਖਾ:- ਭੂਮਿਕਾ , ਜਨਮ, ਪੜ੍ਹਾਈ, ਫੋਕੀਆਂ ਰਸਮਾਂ ਦਾ ਵਿਰੋਧ, ਦੁਨਿਆਵੀਂ ਕੰਮਾਂ ਉੱਤੇ ਲਾਉਣਾ, ਨੌਕਰੀ ਤੇ ਵਿਆਹ ,ਉਦਾਸੀਆਂ , ਬਾਣੀ ਤੇ ਉਪਦੇਸ਼ ,ਗੁਰਗੱਦੀ ਸੌਂਪਣਾ, ਜੋਤੀ- ਜੋਤ ਸਮਾਉਣਾ, ਸਾਰੰਸ਼।) | (8) 1+6+1 (ਜਾਣ ਪਛਾਣ 1 , ਸਾਰੰਸ਼ 1) |
| 4 | ਪਰੀਖਿਆ ਭਵਨ,<br>.........ਸ਼ਹਿਰ।<br>ਮਿਤੀ ............<br>ਸੇਵਾ ਵਿਖੇ,<br>ਮੁੱਖ ਅਧਿਆਪਕਾ ਜੀ,<br>ੳ.ਅ. ੲ ਸਕੂਲ,<br>................ ਸ਼ਹਿਰ।<br>ਵਿਸ਼ਾ :- ਭਰਾ ਦੇ ਵਿਆਹ ਤੇ ਛੁੱਟੀ ਲੈਣ ਸੰਬੰਧੀ। | (7)1+1+1+3+1 |

| | | |
|---|---|---|
| | ਸ੍ਰੀ ਮਤੀ ਜੀ,<br><br>ਸਨਿਮਰ ਬੇਨਤੀ ਇਹ ਹੈ ਕਿ–----------------------------------------------------------------------------------------------------------------------------------------------------------------<br><br>ਧੰਨਵਾਦ ਸਹਿਤ ।<br><br>ਆਪ ਜੀ ਦਾ ਆਗਿਆਕਾਰੀ ,<br>ਨਾਂ.....................<br>ਜਮਾਤ ਅੱਠਵੀਂ<br>ਰੋਲ ਨੰਬਰ<br><br>ਮਿੱਤੀ ------------<br><br>ਜਾਂ<br><br>ਪਰੀਖਿਆ ਭਵਨ,<br>.........ਸ਼ਹਿਰ।<br>ਮਿਤੀ ............<br><br>ਪਿਆਰੀ ਸਹੇਲੀ/ ਪਿਆਰੇ ਮਿੱਤਰ,<br><br>ਮਿੱਠੀਆਂ ਯਾਦਾਂ ।<br><br>ਮੈਂ ਇੱਥੇ ਠੀਕ ਹਾਂ ।<br>---------------------------------------------------------------------------------------------------------------------------------------------------------------------------<br><br>ਤੇਰਾ ਮਿੱਤਰ/ ਤੇਰੀ ਸਹੇਲੀ,<br>ਕ.ਖ.ਗ | |
| 5 | ਤਸਵੀਰ ਦਾ ਵਰਨਣ ਵਿਦਿਆਰਥੀਆਂ ਦੁਆਰਾ ਆਪਣੇ ਸ਼ਬਦਾਂ ਵਿੱਚ ਕੀਤਾ ਜਾਵੇਗਾ।<br> | (5)1+3+1<br>ਜਾਣ ਪਛਾਣ<br>ਤਸਵੀਰ ਵਰਨਣ<br>ਸਾਰੰਸ਼ |
| | ( ਭਾਗ - ੲ ਵਿਆਕਰਨ ) | ( 22) |

| | | |
|---|---|---|
| 6 | ਹੇਠ ਦਿੱਤੇ ਵਿਕਲਪਾਂ ਵਿੱਚੋਂ ਸ਼ੁੱਧ ਸ਼ਬਦ :-<br>(ੳ) 1. ਕਿਰਪਾ<br>(ਅ) 2. ਗਹਿਣਾ | 2 |
| 7 | (ੳ) 1. ਜਾਨਵਰ. (ਅ) 4. ਇੱਕ ਸੰਦ | 2 |
| 8 | ਸ਼ਬਦਾਂ ਦੇ ਵਿਰੋਧੀ ਸ਼ਬਦ :- (ੳ) ਦੁਖੀ (ਅ) ਸਪੁੱਤਰ (ੲ) ਮਨਮੁਖ | 3 |
| 9 | ਅਗੇਤਰ ਲਗਾ ਕੇ ਦੋ-ਦੋ ਸ਼ਬਦ :- ( ੳ) ਉਪਨਾਮ,ਉਪਮੰਤਰੀ (ਅ) ਅਸਫ਼ਲ ,ਅਜਿੱਤ | (.5×4=2) |
| 10 | । ਪਿਛੇਤਰ ਲਗਾ ਕੇ ਦੋ ਦੋ ਸ਼ਬਦ : (ੳ) ਦਰਦਨਾਕ , ਖਤਰਨਾਕ (ਅ) ਨਮਕੀਨ ,ਰੰਗੀਨ | (.5×4=2) |
| 11 | ਬਹੁਤੇ ਸ਼ਬਦਾਂ ਲਈ ਇੱਕ ਸ਼ਬਦ ਲਿਖੋ :-<br>(ੳ) ਗਾਲੜੀ (ਅ) ਝਗੜਾਲੂ (ੲ) ਘੁਮਿਆਰ | 3 |
| 12 | ਹੇਠਾਂ ਦਿੱਤੇ ਵਾਕ ਵਿੱਚ ਵਿਸ਼ਰਾਮ ਚਿੰਨ੍ਹ ਲਗਾਓ :<br>(ੳ) ਮੁੱਖ ਅਧਿਆਪਕ ਜੀ ਨੇ ਕਿਹਾ ," ਇਮਤਿਹਾਨ ਨੇੜੇ ਆ ਰਹੇ ਹਨ । " | 2 |
| 13 | ਦਿੱਤੇ ਮੁਹਾਵਰਿਆਂ ਦੇ ਅਰਥ ਲਿਖ ਕੇ ਵਾਕ ਵਿਦਿਆਰਥੀਆਂ ਦੁਆਰਾ ਆਪਣੀ ਸਮਝ ਨਾਲ ਬਣਾਏ ਜਾਣਗੇ ।<br>(ੳ) ਵੱਧ ਘੱਟ ਬੋਲਣਾ (ਅ) ਸੌਂ ਜਾਣਾ (ੲ) ਸਭ ਨੂੰ ਇੱਕ ਬਰਾਬਰ ਸਮਝਣਾ | 3 |
| 14 | ਬਹੁ - ਵਿਕਲਪੀ ਪ੍ਰਸ਼ਨ<br>ਹੇਠਾਂ ਦਿੱਤੇ ਸ਼ਬਦਾਂ ਵਿੱਚੋਂ ਸਹੀ ਸ਼ਬਦ ਚੁਣ ਕੇ ਅਖਾਣ ਪੂਰਾ ਕਰੋ:-<br>(ੳ) 3 ਮਿੱਠਾ<br>(ਅ) 4 ਕੋਠੇ<br>(ੲ) 1 ਬਾਹਰੋਂ ਚੰਗਾ ਦਿੱਸਣਾ ਤੇ ਅੰਦਰੋਂ ਗੁਣਹੀਣ ਹੋਣਾ | 3 |
| | ( ਭਾਗ - ਸ ਪਾਠ ਪੁਸਤਕ ) | |
| 15 | ਹੇਠ ਲਿਖੀ ਕਾਵਿ - ਟੁੱਕੜੀ ਨੂੰ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ :-<br>(ੳ) ਇਸ ਕਵਿਤਾ ਦਾ ਨਾਂ ਪਾਂਡੀ ਪਾਤਸ਼ਾਹ<br>(ਅ) ਇਸ ਕਵਿਤਾ ਦੇ ਕਵੀ ਦਾ ਨਾਂ ਵਿਧਾਤਾ ਸਿੰਘ ਤੀਰ<br>(ੲ) ਰਾਜੇ ਦਾ ਨਾਂ ਮਹਾਰਾਜਾ ਰਣਜੀਤ ਸਿੰਘ ਹੈ ।<br>(ਸ) ਰਾਜੇ ਦਾ ਪੇਸ਼ਾ ਪ੍ਰੀਤ ਕਰਨਾ ਹੈI<br>(ਹ) ' ਕੂਕਰ ' ਸ਼ਬਦ ਦਾ ਅਰਥ ਸੇਵਕ ਹੈ। | (5) |
| 16 | ਹੇਠਾਂ ਦਿੱਤੇ ਗਏ ਪ੍ਰਸ਼ਨਾਂ ਦੇ ਦਿੱਤੇ ਗਏ ਵਿਕਲਪਾਂ ਵਿੱਚੋ ਸਹੀ ਉੱਤਰ :-<br>(ੳ) 1. ਵਜ਼ੰਤਰੀ<br>(ਅ) 2. ਕਰਨੈਲ ਸਿੰਘ ਸੋਮਲ<br>(ੲ) 4. ਨਾਭੇ<br>(ਸ) 2. ਕਿਸਾਨ<br>(ਹ) 3. ਦਿਲਚਸਪ<br>(ਕ) 2. ਸਿਰ ਪਾਟ ਗਿਆ<br>(ਖ) 4. ਘੜਾ<br>(ਗ) 1. ਘੜੇ ਦਾ ਪਾਣੀ | (1×8=8) |
| 17 | ' ਪਿੱਪਲ ਦੇ ਪੱਤੇ ਨੂੰ ' ਕਵਿਤਾ ਦਾ ਸਾਰ ਵਿਦਿਆਰਥੀਆਂ ਦੁਆਰਾ ਆਪਣੇ ਸ਼ਬਦਾਂ ਵਿੱਚ ਲਿਖਿਆ ਜਾਵੇਗਾ । | (5) |

| | | |
|---|---|---|
| **18** | ਕੋਈ **4** ਪ੍ਰਸ਼ਨਾਂ ਦੇ ਉੱਤਰ ਤਿੰਨ- ਚਾਰ ਸਤਰਾਂ ਵਿੱਚ **:**<br>(ੳ) ਉਹ ਬੱਚਾ ਬਹੁਤ ਗਰੀਬ ਸੀ। ਉਸ ਦੇ ਮਾਤਾ ਪਿਤਾ ਉਸ ਦੀ ਛੋਟੀ ਉਮਰ ਵਿੱਚ ਹੀ ਮਰ ਚੁੱਕੇ ਸਨ । ਉਹ ਆਪਣੇ ਸਕੂਲ ਦੀ ਫ਼ੀਸ ਭਰਨ ਲਈ ਅਤੇ ਆਪਣੇ ਪੇਟ ਭਰ ਕੇ ਗੁਜ਼ਾਰਾ ਕਰਨ ਲਈ ਘਰ ਘਰ ਜਾ ਕੇ ਛੋਟਾ ਮੋਟਾ ਸਮਾਨ ਵੇਚਦਾ ਸੀ।<br>(ਅ) ਮਹਿੰਦਰੀ ਆਪਣੀ ਮਾਂ ਕੋਲੋ ਬਾਂਹ ਛੁੜਾ ਕੇ ਇਸ ਲਈ ਦੌੜ ਰਿਹਾ ਸੀ ਕਿਉਂਕਿ ਨਾ ਤਾਂ ਉਹ ਨਹਾਉਣਾ ਚਾਹੁੰਦਾ ਸੀ ਅਤੇ ਨਾ ਹੀ ਸਿਰ ਧੁਆਉਣਾ ਚਾਹੁੰਦਾ ਸੀ। ਉਸ ਦੀ ਮਾਂ ਨੇ ਉਸ ਨੂੰ ਮਾਊਂ ਦਾ ਡਰਾਵਾ ਦੇ ਕੇ ਨਹਾਉਣ ਲਈ ਬਿਠਾਇਆ ਸੀ।<br>(ੲ) ਸਰਵਣ ਇੱਕ ਗਰੀਬ ਕਿਸਾਨ ਸੀ। ਉਹ ਖੇਤੀਬਾੜੀ ਕਰਦਾ ਸੀ। ਵਾਧੂ ਆਮਦਨ ਲਈ ਉਸਨੇ ਕੁਝ ਗਾਵਾਂ ਵੀ ਪਾਲੀਆਂ ਹੋਈਆਂ ਸਨ। ਇਹ ਗਾਵਾਂ ਵਾਧੂ ਦੁੱਧ ਦਿੰਦੀਆਂ ਸਨ। ਜਿਸ ਤੋਂ ਸਰਵਣ ਦਹੀ ਅਤੇ ਮੱਖਣ ਦੇ ਪੇੜੇ ਬਣਾ ਕੇ ਸ਼ਹਿਰ ਵਿੱਚ ਲਾਲੇ ਦੀ ਹੱਟੀ ਉੱਤੇ ਵੇਚ ਆਉਂਦਾ ਸੀ। ਜਿਸ ਕਰਕੇ ਉਸ ਦਾ ਘਰ ਗ੍ਰਹਿਸਤੀ ਦਾ ਖ਼ਰਚਾ ਠੀਕ-ਠਾਕ ਚੱਲਦਾ ਸੀ<br>(ਸ) ਮਹਿੰਦਰੀ ਡਰਾਕਲ ਇਸ ਲਈ ਬਣ ਗਿਆ ਸੀ ਕਿਉਂਕਿ ਬਚਪਨ ਤੋਂ ਹੀ ਉਸਦੀ ਮਾਂ ਉਸ ਨੂੰ ਮਾਊਂ ਦਾ ਡਰਾਵਾ ਦਿੰਦੀ ਸੀ ਅਤੇ ਇਹ ਮਾਊਂ ਦਾ ਡਰ ਉਸਦੇ ਮਨ ਵਿੱਚ ਬੈਠ ਗਿਆ ਸੀ ।ਜਿਸ ਕਰਕੇ ਉਸਦੀ ਇਹ ਡਰਨ ਦੀ ਆਦਤ ਉਸਦੇ ਵੱਡੇ ਹੋਣ ਤੱਕ ਵੀ ਬਣੀ ਰਹੀ ।<br>(ਹ) ਔਰਤ ਨੇ ਦੁੱਧ ਦੀ ਕੀਮਤ ਨਾ ਲੈਣ ਦਾ ਕਾਰਨ ਦੱਸਦੇ ਹੋਏ ਕਿਹਾ ਕਿ ਉਸ ਦੀ ਮਾਂ ਉਸ ਨੂੰ ਸਮਝਾਉਂਦੀ ਸੀ ਕਿ ਸੇਵਾ ਹਮੇਸ਼ਾ ਬਿਨਾਂ ਕਿਸੇ ਲਾਲਚ ਦੇ ਕੀਤੀ ਜਾਂਦੀ ਹੈ। ਨੇਕੀ ਦੇ ਕੰਮ ਦੀ ਕੋਈ ਕੀਮਤ ਨਹੀਂ ਹੁੰਦੀ ।ਇਸ ਲਈ ਮੈਂ ਤਾਂ ਤੈਨੂੰ ਦੁੱਧ ਦਾ ਇੱਕ ਗਿਲਾਸ ਦੇ ਕੇ ਤੇਰੇ ਮੁਰਝਾਏ ਚਿਹਰੇ ਤੇ ਜੋ ਖੁਸ਼ੀ ਵੇਖੀ ਹੈ ।ਉਸ ਤੋਂ ਵੱਡੀ ਕੀਮਤ ਕੋਈ ਨਹੀਂ ਹੋ ਸਕਦੀ।<br>(ਕ) ਸਰਵਣ ਨੇ ਮੱਖਣ ਦੇ ਪੇੜੇ ਖੰਡ ਦੀ ਥੈਲੀ ਦੇ ਭਾਰ ਬਰਾਬਰ ਹੀ ਬਣਾਏ ਸਨ ਅਤੇ ਉਹ ਥੈਲੀ ਉਸ ਨੇ ਲਾਲੇ ਦੀ ਦੁਕਾਨ ਤੋਂ ਖਰੀਦੀ ਸੀ। ਸਰਪੰਚ ਦੇ ਥੈਲੀ ਮੰਗਾਉਣ ਤੇ ਉਸ ਥੈਲੀ ਦਾ ਤੋਲ ਕੀਤਾ ਗਿਆ ਤੇ ਉਸ ਥੈਲੀ ਦਾ ਭਾਰ ਇੱਕ ਕਿਲੋਗ੍ਰਾਮ ਨਾ ਹੋ ਕੇ 900 ਗ੍ਰਾਮ ਨਿਕਲਿਆ ।ਇਸ ਕਰਕੇ ਸਰਵਣ ਬੇਈਮਾਨ ਨਹੀਂ ਸੀ ਸਗੋਂ ਲਾਲਾ ਹੀ ਘੱਟ ਤੋਲ ਕਰਦਾ ਸੀ। | **(4×2 =8)** |
| **19** | ਸ਼ਬਦਾਂ ਦੇ ਅਰਥ **:-** (ੳ) ਲੈਣ ਦੇਣ ਜਾਂ ਵਟਾਂਦਰਾ (ਅ) ਲੱਛਣ , ਗੁਣ | **(2)** |
| **20** | ਹੇਠ ਲਿਖੇ ਵਾਕ ਕਿਸ ਨੇ **,** ਕਿਸ ਨੂੰ ਕਹੇ **:-**<br>ੳ) ਸਰਪੰਚ ਨੇ ਸਰਵਣ ਨੂੰ<br>ਅ) ਸਰਪੰਚ ਨੇ ਲਾਲੇ ਨੂੰ | **(2)** |